

# ਅੰਮ੍ਰਿਤ ਕੀਰਤਨ

## ਮਾਰਚ 2013



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਪੈਂਤੀ ਅੱਖਰੀ–ਕਾਫ਼ੀਆਂ

## ਛ

ਛੱਡਣੀ ਪੈਸੀ ਆਖਰ ਦੁਨੀਆਂ
ਥਿਰ ਨ ਕੋਈ ਰਹਿਆ ਹੂ।

ਆਖਰ ਖਾਣਾ ਮੁਕ ਹੈ ਜਾਣਾ
ਕੀ ਸਜਰਾ ਕੀ ਬੇਹਾ ਹੂ।

ਖਾਂਦੇ ਪੀਂਦੇ ਨਾਲ ਸਵਾਦਾਂ
ਨ ਕੋਈ ਸਾਡੇ ਜੇਹਾ ਹੂ।

ਸੰਤੋਖ ਮੁਕਣਾ ਸਭ ਕੁਝ ਆਖਰ
ਸੰਤ ਜਨਾਂ ਨੇ ਕਹਿਆ ਹੂ।

**ਪੁਸਤਕ –ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

ਚੰਦੇ ਦਾ ਵੇਰਵਾ

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਮਿਤ੍ਰ ਅਸਾਡੜੇ ਸੇਈ 4

ਕਰਉ ਬੇਨੰਤੀਆ-ਇਕ ਹੋਰ ਸਨਮਾਨ 5

ਜੀਵਨ ਵਿਚ ਸੰਗੀਤ ਦਾ ਮਹੱਤਵ
ਪ੍ਰੋ. ਕਰਤਾਰ ਸਿੰਘ ਬਡੂੰਗਰ 7

ਸੀਸ ਦੀਆ ਪਰ ਸਿਰਰੁ ਨਾ ਦੀਆ
ਕਰਮ ਸਿੰਘ ਰਤਨ 15

**भारतीय सागीतिक परम्पराओं के परिपेक्ष में गुरमति संगीत की गायन शैलियों का विश्लेषणात्मक अध्ययन।**
**सामंत कौर 19**

ਸੁਰ ਲਿਪੀ - ਰਾਗ ਕਲਿਆਣ 25
ਡਾ. ਜਾਗੀਰ ਸਿੰਘ


**ਮਾਇਕ ਸਹਾਇਤਾ ਭੇਜਣ ਦੀ ਕ੍ਰਿਪਾ ਕਰੋ ਜੀ**

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

Thanks for the Feb issue of Amrit Kirtan. As always it is full of new information. I have particularly liked the article on Bhai Mardana and your Mitter Asaadre....

I shall be grateful if one mp3 CD of Bhai Bakshish Singhji is sent to me at ;877, Phase 3B2, sector 60, Mohali. With profound regards,

swarnjit mehta

ਪੁਰਾਤਨ ਕੀਰਤਨੀਏ ਭਾਈ ਸਮੁੰਦ ਸਿੰਘ ਜੀ ਹੁਰਾਂ ਦੀਆਂ, ਕੀਰਤਨ ਦੀਆਂ ਸੀਡੀਜ਼ ਭੇਜਨ ਲਈ ਬਹੁਤ ਮੇਹਰਬਾਨੀ। ਆਪ ਜੀ ਵਲੋਂ ਭੇਜਿਆ ਅੰਮ੍ਰਿਤ ਕੀਰਤਨ ਮੈਗਜ਼ੀਨ ਜਨਵਰੀ 2013 ਬਹੁਤ ਪਸੰਦ ਆਇਆ।ਜਾਣਕਾਰੀ ਭਰਪੂਰ ਹੈ। ਅੰਮ੍ਰਿਤ ਕੀਰਤਨ ਮੈਗਜ਼ੀਨ ਜਨਵਰੀ 2013 ਦੇ ਪੰਨਾ ਨੰਬਰ 9 ਉਪਰ, ਲੇਖ ਪ੍ਰਤੀਕਰਮ (ਲਿਖਤ ਵੀਰ ਭਗਵੰਤ ਸਿੰਘ ਜੀ) ਵਿਚ ਰਾਮਕਲੀ ਸੱਦ ਬਾਰੇ ਜਾਣਕਾਰੀ ਹੈ, ਜਿਸ ਵਿਚ ਸੁਧਾਈ ਦੀ ਜਰੂਰਤ ਹੈ। ਤੀਜੇ ਪੈਰੇ, ਦੀ ਪਹਿਲੀ ਅਤੇ ਦੂਸਰੀ ਲਾਈਨ ਵਿਚ ਨਾਮ 'ਗੁਰੂ ਰਾਮਦਾਸ' ਦੀ ਜਗਹ 'ਗੁਰੂ ਅਮਰਦਾਸ ਜੀ' ਚਾਹੀਦਾ ਹੈ। ਬਹੁਤ ਧੰਨਵਾਦ।

ਇੰਜ ਦਰਸ਼ਨ ਸਿੰਘ ਖਾਲਸਾ, +91 9888528313

ਪ੍ਰਸਿੱਧ ਰਾਗੀ ਸੰਤ ਮੁਕੰਦ ਸਿੰਘ ਜੀ : ਜੈਸੇ ਗੁਰ ਉਪਦੇਸਿਆ ਮੈਂ ਤੈਸੋ ਕਹਿਆ ਪੁਕਾਰ। ਨਾਨਕ ਕਹਿ ਸੁਨ ਰੇ ਮਨਾ ਕਰ ਕੀਰਤਨ ਹੋਏ ਉਧਾਰ। ਦੇ ਮਹਾਂ ਵਾਕਾਂ ਅਨੁਸਾਰ ਕੀਰਤਨ ਕਰਨ ਵਾਲੇ ਸੰਤ ਮੁਕੰਦ ਸਿੰਘ ਜੀ ਦਾ ਜਨਮ ਚਹਿਲਾ ਬਾਰੇ ਬੁਰਜ (ਫਿਰੋਜ਼ਪੁਰ) ਵਿਖੇ ਸ੍ਰੀ ਦਰਸ਼ਨ ਲਾਲ ਜੀ ਦੇ ਘਰ ਹੋਇਆ। ਸੰਤ ਜੀ ਨੇ ਪੰਡਿਤ ਅਸ਼ੋਕ ਕੁਮਾਰ ਹਿਮਾਚਲ ਵਾਲਿਆਂ ਤੇ ਅਬੋਹਰ ਵਿਖੇ ਸੰਗੀਤ ਸਿੱਖਿਆ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੇ ਸੰਗੀਤ ਦਾ ਭਾਸਕਰ ਦਾ ਡਿਪਲੋਮਾ ਹਾਸਲ ਕੀਤਾ। ਬੀ. ਏ. ਤੱਕ ਪੜ੍ਹਾਈ ਕੀਤੀ। ਸੰਤ ਜੀ ਨਿਰੋਲ ਅਤੇ ਵਿਆਖਿਆ ਸਹਿਤ ਕੀਰਤਨ ਕਰਦੇ ਹਨ। ਇਹ ਪ੍ਰੋਗਰਾਮ ਬੁੱਕ ਕਰਾਉਣ ਵਾਲੇ ਪਾਸੋਂ ਭੇਟਾਂ ਨਹੀਂ ਮੰਗਦੇ। ਗੱਡੀ (ਕਾਰ) ਦਾ ਖਰਚਾ ਲੈਂਦੇ ਹਨ। ਭੇਟਾ ਸ਼ਰਧਾ ਮੁਤਾਬਕ ਹੁੰਦੀ ਹੈ। ਪਿੰਡ ਦਾਨੇ ਵਾਲਾ (ਫਿਰੋਜ਼ਪੁਰ) ਦੇ ਡੇਰੇ ਦੇ ਮੁਖੀ ਸੰਤ ਮਨੀ ਰਾਮ (ਜੋ ਕਿ ਗਿਆਨੀ ਅਮੀਰ ਸਿੰਘ ਜੀ ਸੱਤੋਵਾਲੀ ਗਲੀ, ਸ੍ਰੀ ਅੰਮ੍ਰਿਤਸਰ ਵਾਲਿਆਂ ਦੇ ਸਗਿਰਦ ਸਨ) ਉਹਨਾਂ ਨਾਲ ਸੰਤ ਜੀ ਦਾ ਬਹੁਤ ਪਿਆਰ ਸੀ। ਸੰਤ ਮਨੀ ਰਾਮ ਜੀ ਨੇ ਸੰਤ ਮੁਕਰੰਦ ਸਿੰਘ ਤੋਂ ਬਦਲ ਕੇ ਇਹਨਾਂ ਦਾ ਨਾਮ ਸੰਤ ਮੁਕੰਦ ਸਿੰਘ ਰੱਖਿਆ ਕਿਉਂਕਿ ਸੰਤ ਜੀ ਦੇ ਮਾਤਾ ਪਿਤਾ ਬੇਦੀ ਬੰਸ ਗੁਰੂ ਨਾਨਕ ਦੇਵ ਜੀ ਦੀ ਵੰਸ਼ ਨੂੰ ਆਪਣਾ ਮੰਨਦੇ ਸਨ। ਇਸ ਵਾਸਤੇ ਸੰਤ ਜੀ ਕਿਸੇ ਵੀ ਧਰਮ ਅਤੇ ਕਿਸੇ ਵੀ ਸੰਤ ਦੀ ਨਿੰਦਾ ਨਹੀਂ ਕਰਦੇ। ਸਭ ਵਿਚ ਪ੍ਰਮਾਤਮਾ ਦੀ ਜੋਤ ਸਮਝਦੇ ਹਨ। ਸੰਤ ਜੀ ਕੀਰਤਨ ਦੇ ਨਾਲ ਕੀਰਤਨ ਸਿਖਾਉਣ ਦਾ ਕੰਮ ਵੀ ਕਰਦੇ ਹਨ। ਦੇਸੀ ਦਵਾਈਆਂ ਰਾਹੀਂ ਬੀਮਾਰੀਆਂ (ਰੋਗਾਂ) ਦਾ ਇਲਾਜ ਵੀ ਕਰਦੇ ਹਨ। ਗੁਰਬਾਣੀ ਰਾਹੀਂ ਵੀ ਇਲਾਜ ਅਤੇ ਹਰ ਸਮੱਸਿਆ ਦਾ ਹੱਲ ਕਰਦੇ ਹਨ। ਪਹਿਲਾਂ ਇਹ ਦਿੱਲੀ ਰਹੇ ਤਕਰੀਬਨ 6-7 ਸਾਲ ਤੋਂ ਮਲੋਟ ਆਏ ਅਤੇ ਇਹਨਾਂ ਦਾ ਦਾਸ ਨਾਲ ਮੇਲ ਹੋਇਆ ਕਿਉਂਕਿ ਮੈਂ ਮਲੋਟ ਤੋਂ ਇਲਾਵਾ ਪਿੰਡਾਂ ਸ਼ਹਿਰਾਂ ਵਿਚ ਜਾ ਕੇ ਸੰਗੀਤ ਦੀਆਂ ਕਲਾਸਾਂ ਲਾਉਂਦਾ ਸੀ। ਉਸ ਤੋਂ ਬਾਅਦ ਮੈਂ ਇਹਨਾਂ ਨੂੰ ਅੰਮ੍ਰਿਤ ਕੀਰਤਨ ਦਾ ਮੈਂਬਰ (ਪਾਠਕ) ਬਣਾਇਆ। ਅਖੀਰ ਵਿਚ ਦਾਸ ਦੀ ਪ੍ਰਮਾਤਮਾ ਪਾਸ ਇਹ ਅਰਦਾਸ ਹੈ ਕਿ ਪ੍ਰਮਾਤਮਾ ਡਾ. ਜਾਗੀਰ ਸਿੰਘ ਅਤੇ ਅੰਮ੍ਰਿਤ ਕੀਰਤਨ ਟਰੱਸਟ ਨੂੰ ਚੜ੍ਹਦੀ ਕਲਾ ਬਖਸ਼ੇ ਤਾਂ ਕਿ ਡਾਕਟਰ ਸਾਹਿਬ ਸੰਗੀਤ ਦੇ ਮੈਗਜ਼ੀਨ ਅੰਮ੍ਰਿਤ ਕੀਰਤਨ ਰਾਹੀਂ ਸਿੱਖ ਸੰਗਤਾਂ ਦੀ ਸੇਵਾ ਕਰਦੇ ਰਹਿਣ, ਸੰਤ ਮੁਕੰਦ ਸਿੰਘ ਜੀ ਦਾ ਰਾਗੀ ਸਿੰਘਾਂ ਨੂੰ ਇਹ ਸੁਨੇਹਾ ਹੈ ਕਿ ਉਹ ਫਿਲਮੀ ਤਰਜਾਂ ਤੇ ਕੀਰਤਨ ਦੀ ਬਜਾਏ ਰਾਗਾਂ ਵਿਚ ਜਾ ਰੀਤਾਂ ਵਿਚ ਕੀਰਤਨ ਕਰਨ ਕੱਚੀਆਂ ਧਾਰਨਾ ਤੋਂ ਵੀ ਗੁਰੇਜ਼ ਕਰਨ।

ਪ੍ਰੋ: ਮੰਗਤ ਸਿੰਘ ਮਸਤਾਨਾ, ਮਾਰਫਤ ਸੰਗਤ ਰੇਡੀਓ ਐਂਡ ਟੀ. ਵੀ. ਕਾਲਜ (ਰਜਿ:), ਜੀ. ਟੀ. ਰੋਡ, ਮਲੋਟ ਮੋ: 9463782514


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

## ਕਰਉ ਬੇਨੰਤੀਆ

# ਇਕ ਹੋਰ ਸਨਮਾਨ

ਪਿਛਲੇ ਮਹੀਨੇ ਸ੍. ਬਲਦੇਵ ਸਿੰਘ ਬਦਨ ਨੈਸ਼ਨਲ ਬੁਕ ਟ੍ਰਸਟ ਵਾਲਿਆਂ ਦਾ ਫੋਨ ਆਇਆ ਕਿ ਦਿੱਲੀ ਦੀ ਇੱਕ ਪਤ੍ਰਕਾ -ਸੱਚੇ ਪਾਤਸ਼ਾਹ - ਵੱਲੋਂ ਮੈਨੂੰ ਸਨਮਾਨਿਤ ਕੀਤਾ ਜਾਣਾ ਹੈ। ਮਨ ਖੁਸ਼ ਹੋਇਆ। ਦਿੱਲੀ ਦੀ ਕਿਸੇ ਸੰਸਥਾ ਵੱਲੋਂ ਇਹ ਸ਼ਾਇਦ ਤੀਜਾ ਸਨਮਾਨ ਹੈ ਇਸ ਤੋਂ ਪਹਿਲਾ -ਸਾਹਿਤ ਕਲਾ ਸੰਗਮ- ਸੰਸਥਾ ਨੇ ਸਨਮਾਨਿਤ ਕੀਤਾ ਸੀ। ਇਸ ਸੰਸਥਾ ਨਾਲ ਸ੍. ਮੱਖਣ ਸਿੰਘ ਪੰਜਾਬ ਸਿੰਧ ਬੈਂਕ ਵਾਲੇ ਅਤੇ ਸਵਰਗੀ ਸ੍. ਹਰਭਜਨ ਸਿੰਘ ਰਤਨ ਜੁੜੇ ਹੋਏ ਸਨ। ਸੰਗੀਤ ਨਾਟਕ ਅਕਾਦਮੀ ਦਾ ਮੁੱਖ ਦਫਤਰ ਭਾਵੇਂ ਦਿੱਲੀ ਵਿੱਚ ਹੀ ਹੈ ਪਰ ਇਸ ਦਾ ਸਨਮਾਨ ਮੁੰਬਈ ਵਿਖੇ ਸਾਬਕਾ ਰਾਸ਼ਟਰਪਤੀ ਅਬਦੁਲ ਕਲਾਮ ਆਜ਼ਾਦ ਹੱਥੋਂ ਪ੍ਰਾਪਤ ਹੋਇਆ ਸੀ। 'ਸੱਚੇ ਪਾਤਸ਼ਾਹ' ਸੰਸਥਾ ਵਲੋਂ ਜਦੋਂ ਸਨਮਾਨ ਦਿੱਤਾ ਗਿਆ ਤਾਂ ਵੀ ਮਨ ਖੁਸ਼ ਹੋਇਆ। ਮੈਨੂੰ ਯਾਦ ਆਏ ਆਪਣੇ ਵਿਦਵਾਨ ਮਿੱਤਰ ਡਾਕਟਰ ਕਰਨੈਲ ਸਿੰਘ ਸੋਮਲ ਦੇ ਸ਼ਬਦ - ਹੱਲਾ ਸ਼ੇਰੀ ਮਨੁੱਖੀ ਜੀਵਨ ਦੀ ਗੱਡੀ ਵਿੱਚ ਗਰੀਸ ਦਾ ਕਾਰਜ ਕਰਦੀ ਹੈ।

ਭਾਈ ਵੀਰ ਸਿੰਘ ਜੀ ਦੀ ਅਵਸਥਾ ਤੋਂ ਤਾਂ ਕੋਹਾਂ ਦੂਰ ਹਾਂ। ਜਦੋਂ ਉਹਨਾਂ ਨੂੰ ਕਿਸੇ ਨੇ ਕਿਹਾ ਕਿ ਹੁਣ ਤਾਂ ਤੁਸੀਂ ਬ੍ਰਹਮ ਗਿਆਨੀ ਵਾਲੀ ਅਵਸਥਾ ਪ੍ਰਾਪਤ ਕਰ ਲਈ ਹੈ। ਤਾਂ ਉਹਨਾਂ ਕਿਹਾ ਨਹੀਂ ਅਜੇ ਮੈਨੂੰ ਆਪਣੀ ਉਸਤਤ ਚੰਗੀ ਲਗਦੀ ਹੈ। ਬ੍ਰਹਮ ਗਿਆਨੀ ਤਾਂ ਉਸਤਤ ਨਿੰਦਾ ਦੋਊ ਤਿਆਗੇ ਵਾਲੀ ਅਵਸਥਾ ਦਾ ਧਾਰਨੀ ਹੁੰਦਾ ਹੈ।

ਤਿੰਨ ਫਰਵਰੀ ਨੂੰ ਸਨਮਾਨ ਸਮਾਰੋਹ ਸੀ। ਮੈਨੂੰ ਆਪਣੇ ਸਨਮਾਨ ਨਾਲੋਂ ਵਧੇਰੇ ਖੁਸ਼ੀ ਉਦੋਂ ਹੋਈ ਜਦੋਂ ਮੈਨੂੰ ਪਤਾ ਲੱਗਾ ਕਿ ਇਸ ਸਨਮਾਨ ਸਮਾਰੋਹ ਵਿੱਚ ਮੇਰੇ ਮਿੱਤਰ ਡਾਕਟਰ ਗੁਰਮੁਖ ਸਿੰਘ ਭਾਸ਼ਾ ਵਿਭਾਗ ਪਟਿਆਲਾ ਵਾਲਿਆਂ ਨੂੰ ਵੀ ਸਨਮਾਨਿਤ ਕੀਤਾ ਜਾ ਰਿਹਾ ਹੈ। ਸਮਾਗਮ ਵਿੱਚ ਇਨਾਮ ਵਜੋਂ ਹੋਰ ਸਮੱਗਰੀ ਦੇ ਨਾਲ ਨਾਲ ਕੁਝ ਪੁਸਤਕਾਂ ਪ੍ਰਾਪਤ ਹੋਈਆਂ ਜਿਹਨਾਂ ਦਾ ਜ਼ਿਕਰ ਕਰਨਾ ਚੰਗਾ ਲਗਦਾ ਹੈ।

-ਸੁਰਜੀਤ ਸਿੰਘ ਆਰਟਿਸਟ ਦੀ ਲਿਖੀ ਪੁਸਤਕ - ਸਲੋਕ- ਵਿੱਚ ਉਸ ਨੇ ਆਮ ਭਾਸ਼ਾ ਅਤੇ ਸਲੋਕ ਕਾਵਿ ਰੂਪ ਵਿੱਚ ਡੂੰਘੀਆਂ ਗੱਲਾਂ ਕਰਨ ਦੀ ਕੋਸ਼ਿਸ਼ ਕੀਤੀ ਹੈ।

ਸੈਂਭੀ ਹਰਭਜਨ ਸਿੰਘ ਰਤਨ ਦਾ ਗ਼ਜ਼ਲ ਸੰਗ੍ਰਹਿ- ਲੂਣਾ ਪਿੰਡਾ, ਗੁਰਬਾਣੀ ਵਿਚਾਰਾਂ ਬਾਰੇ ਦਲਬਾਰਾ ਸਿੰਘ ਦੀ ਹਿੰਦੀ ਵਿੱਚ ਲਿਖੀ ਪੁਸਤਕ- ਉੱਚਾ ਦਰ,ਭਾਈ ਸੰਤੋਖ ਸਿੰਘ ਦੇ ਸ੍ਰੀ ਗੁਰੂਨਾਨਕ

ਪ੍ਰਕਾਸ਼ ਦਾ ਡਾ. ਗਿਆਨੀ ਬਖਤਾਵਰ ਸਿੰਘ ਨੰਦੜਾ ਆਜ਼ਾਦ ਵਲੋਂ ਸੁਖੈਨ ਪੰਜਾਬੀ ਵਿੱਚ ਅਨੁਵਾਦ।

ਡਾ. ਰਾਣਾ ਪ੍ਰਤਾਪ ਸਿੰਘ ਰਾਣਾ ਗੰਨੌਰੀ ਦੀ ਮੁਲਤਾਨੀ ਭਾਸ਼ਾ ਵਿੱਚ ਕਵਿਤਾ ਦੀ ਪੁਸਤਕ ਤਾਂ ਕਮਾਲ ਦੀ ਹੈ। ਇਸ ਦੀਆਂ ਕੁਝ ਸਤਰਾਂ ਹਾਜ਼ਰ ਹਨ–

ਵਲ ਵਲ ਆਵੇਂ ਮੈਂ ਜੀ ਪੌਸਾਂ।
ਗਲਂ ਚਾ ਲਾਵੇਂ ਮੈਂ ਜੀ ਪੌਸਾਂ।
ਛੋੜ ਕੇ ਸਾਰੇ ਰੋਸ ਰੁਸੇਮੇਂ
ਮਿਠਾ ਅਲਾਵੇਂ ਮੈਂ ਜੀ ਪੌਸਾਂ।
ਗਾਵਣ ਵੀ ਹਿਕ ਅੰਮ੍ਰਿਤ ਹੋਂਦੇ
ਗਾਵਣ ਗਾਵੇਂ ਮੈਂ ਜੀ ਪੌਸਾਂ।



# ਜੀਵਨ ਵਿਚ ਸੰਗੀਤ ਦਾ ਮਹੱਤਵ

ਪ੍ਰੋ. ਕਰਤਾਰ ਸਿੰਘ ਬਡੂੰਗਰ

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ ॥
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥ (੬੫੮)

ਸੰਗੀਤ ਦਾ ਜੀਵਨ ਵਿਚ ਵਿਸ਼ੇਸ਼ ਮਹੱਤਵ ਹੈ। ਇਹ ਜੀਵਨ ਦੀਆਂ ਕੋਮਲ ਭਾਵਨਾਵਾਂ ਨੂੰ ਉਜਾਗਰ ਕਰਦਾ ਹੈ। ਇਸ ਦੀ ਵਰਤੋਂ ਮਨ ਨੂੰ ਵਿਸ਼ੇ ਵਿਕਾਰਾਂ ਤੋਂ ਰੋਕ ਕੇ ਇਸ਼ਟ ਪ੍ਰਤੀ ਦ੍ਰਿੜਤਾ ਅਤੇ ਨਿਸ਼ਠਾ ਪੈਦਾ ਕਰਦੀ ਹੈ। ਸੰਗੀਤ ਜਿੱਥੇ ਮਨੁੱਖੀ ਮਨ ਨੂੰ ਪ੍ਰਭਾਵਤ ਕਰਦਾ ਹੈ ਉਥੇ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਸੰਗੀਤ ਦੀ ਇਕ ਸੁਰ ਅਨੇਕਾਂ ਹਿਰਦਿਆਂ ਨੂੰ ਸ਼ਾਤ ਕਰਦੀ ਹੈ ਅਤੇ ਹਉਮੇ ਨਾਲ ਭਰਪੂਰ ਕਠੋਰ ਤੋਂ ਕਠੋਰ ਪੱਥਰ ਦਿਲਾਂ ਵਿਚ ਪ੍ਰੇਮ ਦੀ ਅਲਖ ਜਗਾ ਸਕਦੀ ਹੈ। ਮੰਨਿਆ ਜਾਂਦਾ ਹੈ ਕਿ ਇਹ ਰੂਹ ਦੀ ਖ਼ੁਰਾਕ ਹੈ, ਸਗੋਂ ਸੰਗੀਤ ਤਾਂ ਰੂਹ ਦੀ ਆਵਾਜ਼ ਵੀ ਹੈ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਰਮਾਤਮਾ ਨੇ "ਅਨਹਦ ਰੂਪ" ਅਤੇ "ਅਨਹਦ ਬਾਨੀ" ਭਾਵ (All pervading) ਸਰਬ ਵਿਆਪਕ ਸਰੂਪ ਅਤੇ ਇਕ ਰਸ-ਸਰਬ ਵਿਆਪਕ ਜੀਵਨ ਰੌਂ (ਧੁਨੀ ਸੰਗੀਤ) ਬਾਰੇ ਇਉਂ ਫੁਰਮਾਉਂਦੇ ਹਨ:

ਅਨਹਦ ਰੂਪ ਅਨਾਹਦ ਬਾਨੀ ॥ ਚਰਨ ਸਰਨ ਇਹ ਬਸਤ ਭਵਾਨੀ ॥
ਬ੍ਰਹਮਾ ਬਿਸਨ ਅੰਤੁ ਨਹੀਂ ਪਾਇਓ ॥ ਨੇਤ ਨੇਤ ਮੁਖਚਾਰ ਬੁਤਾਇਓ ॥

ਸ੍ਰੀ ਗੁਰੂ ਅਮਰਦਾਸ ਜੀ ਅਨੰਦ ਸਾਹਿਬ ਦੀ ਬਾਣੀ ਵਿਚ ਸਾਡੀ ਦੇਹ ਅੰਦਰ ਇਕ ਰਸ ਸਰਸ਼ਾਰ ਰੱਬੀ ਨਾਦ ਬਾਰੇ ਸਪਸ਼ਟ ਕਰੇ ਹਨ। ਫੁਰਮਾਨ ਹੈ:

ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥ (ਪੰਨਾ ੯੧੭)

ਤੀਜੇ ਪਾਤਸ਼ਾਹ ਫੁਰਮਾਉਂਦੇ ਹਨ ਕਿ ਜਿਹੜੇ ਮਨੁੱਖਾਂ ਨੇ ਆਪਣੇ ਅੰਤਰ-ਆਤਮੇ ਨੂੰ ਗੁਰੂ ਦੇ ਸ਼ਰਨੀਂ ਪੈ ਕੇ ਸ਼ੁੱਧ ਕਰ ਲਿਆ ਹੈ ਉਨ੍ਹਾਂ ਦੇ ਉਹ ਇਕ ਰਸ ਵੱਜ ਰਿਹਾ "ਅਨਹਦ ਨਾਦ" ਸੰਗੀਤਮਈ ਵਾਜਾ ਵਿਆਪਕ ਹੋ ਜਾਂਦਾ ਹੈ ਅਤੇ ਉਹ ਮਨੁੱਖ ਅਨੰਦਿਤ ਹੋ ਜਾਂਦੇ ਹਨ। ਫੁਰਮਾਨ ਹੈ:

ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥

ਸੰਗੀਤ ਆਤਮਾ ਅੰਦਰ ਇਕ ਅੰਦਰ ਇਲਾਹੀ ਨੂਰ ਹੈ। ਸੰਗੀਤ ਹਰ ਸਮੇਂ ਅਰਸ਼ੋਂ ਝਿਮ ਝਿਮ ਵਰਸਦਾ ਅੰਮ੍ਰਿਤ ਹੈ। "ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥" ਇਕ ਕੁਦਰਤੀ ਬਹੁਰੰਗੀ ਵਰਤਾਰਾ ਹੈ। ਸੰਗੀਤ ਰੂਹ ਦੀ ਧੜਕਣ ਹੈ। ਜਦੋਂ ਮਨੁੱਖ ਦੇ ਆਪਣੇ ਅੰਤਰ-ਆਤਮੇ ਸਮੋਇਆ ਹੋਇਆ ਸੰਗੀਤ-ਇਹ ਅਰਸ਼ੀ ਧੁਨੀ-ਬਾਹਰਲੀਆਂ ਸੰਗੀਤਕ ਧੁਨੀਆਂ ਨਾਲ ਇਕ ਰਸ, ਇਕ ਰੂਪ ਅਤੇ ਓਤਪੋਤ ਹੋ ਜਾਂਦਾ ਹੈ

ਤਾਂ "ਅਨੰਦ" (Supreme Bliss) ਦੀ ਬਿਸਮਾਦੀ ਹਾਲਤ "ਲਿਵਲੀਨ" ਭਾਵ "ਮਨ ਚੜ੍ਹਿਆ ਦਸਵੇਂ ਦੁਆਰ" ਵਾਲੀ ਸਥਿਤੀ ਪੈਦਾ ਹੋ ਜਾਂਦੀ ਹੈ ਅਤੇ ਮਨੁੱਖ ਆਪਣੇ ਪਦਾਰਥਕ ਜੀਵਨ ਤੋਂ ਆਪਾ ਗੁਆ ਕੇ ਤੇ ਨਿਰਲੇਪ ਹੋ ਕੇ ਅਕਾਲ ਜੋਤ ਦਾ ਨਿੱਘ ਮਾਣਦਾ ਹੈ:

ਆਪੁ ਗਵਾਈਐ ਤਾਂ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥ (ਪੰਨਾ ੭੨੨) ਤਥਾ
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥ (ਪੰਨਾ ੯੧੭)

ਦੀ ਸਥਿਤੀ ਨੂੰ ਪ੍ਰਾਪਤ ਕਰ ਲੈਂਦਾ ਹੈ। ਸੰਗੀਤ ਸੁਰ-ਤਾਲ-ਲੈਅ ਦੀ ਅਜੀਬ ਅਤੇ ਮਨਮੋਹਕ ਸੰਜੋਗੀ ਮਿਸ਼ਰਤ ਹੈ।

ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥ ਅਨਿਕ ਰੰਗ ਨਾਨਾ ਦ੍ਰਿਸਟਾਹਿ ॥
ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮ ॥ ਦੇਹੀ ਮਹਿ ਇਸ ਕਾ ਬਿਸ੍ਰਾਮ ॥
ਸੁੰਨ ਸਮਾਧਿ ਅਨਹਤ ਤਹ ਨਾਦ ॥ ਕਹਨੁ ਨ ਜਾਈ ਅਚਰਜ ਬਿਮਾਦ ॥ (ਪੰਨਾ ੨੯੩)

ਇਹ ਸੰਜਮ, ਜਜ਼ਬਾ ਅਤੇ ਜ਼ਾਬਤੇ ਦਾ ਅਜ਼ੀਮ ਅਤੇ ਅਜਬ ਸੁਮੇਲ ਹੈ। ਇਹ ਰੂਹਾਨੀ ਸਰਗਮ ਹੈ। ਇਹ ਸਰਬ ਵਿਆਪਕ ਅਤੇ ਸਦੀਵਕਾਲੀ ਅਨੰਤ ਧੁਨੀ "ਆਪੇ ਹਰ ਇਕ ਰੰਗ ਹੈ ਅਤੇ ਆਪੇ ਬਹੁਰੰਗੀ" ਦਾ ਹੀ ਪ੍ਰਗਟਾਵਾ ਹੈ। ਸੰਗੀਤ ਮਨੁੱਖੀ ਮਨ ਨੂੰ ਨਿਰਮਲ ਅਤੇ ਕੋਮਲ ਬਣਾਉਂਦਾ ਹੈ ਅਤੇ ਮਲੀਨ ਆਤਮਾ ਨੂੰ ਸ਼ੁੱਧਤਾ ਅਤੇ ਸਵਛਤਾ ਪ੍ਰਦਾਨ ਕਰਦਾ ਹੈ। ਸੰਗੀਤ ਜਿੱਥੇ ਨਿਮਰਤਾ, ਹਲੀਮੀ, ਪ੍ਰੇਮ-ਪਿਆਰ, ਸਦਭਾਵਨਾ, ਕੋਮਲਤਾ , ਮਿਠਾਸ ਤੇ ਸਦਾਚਾਰ ਦਾ ਲਖਾਇਕ ਹੈ ਉਥੇ ਮਨ ਨੂੰ ਹੌਂਸਲਾ ਤੇ ਹੁਲਾਰਾ ਦੇਣ, ਚੜ੍ਹਦੀ ਕਲਾ ਦੀ ਭਾਵਨਾ ਪ੍ਰਦਾਨ ਕਰਨ, ਦਲੇਰੀ ਅਤੇ ਸੂਰਮਗਤੀ, ਉਦਗਮ ਕਰਨ ਅਤੇ ਮਨੁੱਖੀ ਮਨ ਨੂੰ ਕ੍ਰਾਂਤੀਕਾਰੀ ਬਣਾਉਣ ਅਤੇ "ਸ਼ੁਭ ਕਰਮਨ" ਲਈ ਜੂਝ ਮਰਨ ਦਾ ਬੁਲੰਦ ਜਜ਼ਬਾ ਪ੍ਰਦਾਨ ਕਰਨ ਭਾਵ ਕੁਰਬਾਨੀ ਕਰਨ ਲਈ ਜੋਸ਼ ਅਤੇ ਜਜ਼ਬਾ ਪੈਦਾ ਕਰਦਾ ਹੈ। ਇਹ ਜਿੱਥੇ ਮਨੁੱਖੀ ਮਨ ਦੇ ਭਾਂਡੇ ਨੂੰ ਸਵੱਸਥਾ ਬਖਸ਼ਦਾ ਹੈ ਅਤੇ ਉਥੇ ਮਨੁੱਖੀ ਆਤਮਾ ਨੂੰ ਪ੍ਰਭੂ ਦੇ ਨਾਮ ਨੂੰ ਆਪਣੇ ਅੰਦਰ-ਆਤਮੇ ਸਮੋ ਲੈਣ ਦੇ ਯੋਗ ਅਤੇ ਸਮਰੱਥ ਬਣਾਉਂਦਾ ਹੈ। ਇਹ ਦੁਰਲਭ ਸੰਗੀਤਮਈ ਕੁਦਰਤੀ ਸਾਜ਼ ਹਰ ਆਤਮਾ ਅੰਦਰ ਕਾਰਜ਼ਸ਼ੀਲ ਹੈ ਜੋ ਮਾਨਵ ਨੂੰ ਦਸਵੇਂ ਦੁਆਰ ਤਕ ਲਿਜਾਣ ਦੇ ਸਮਰੱਥ ਹੈ ਜਿੱਥੇ ਪ੍ਰਭੂ ਦੀ ਅਨੰਤਤਾ ਅਤੇ ਬੇਅੰਤਤਾ ਦਾ ਇਲਾਹੀ ਅਨੁਭਵ ਹੁੰਦਾ ਹੈ। ਇਹ ਇਲਾਹੀ "ਧੁਨੀ" ਤਥਾ "ਅਨਹਦ ਨਾਦ" ਹਰ ਪਲ ਹਰ ਸਮੇਂ ਹਰ ਛਿਨ ਸਾਰੀ ਫਿਜ਼ਾ, ਸਾਰੇ ਬ੍ਰਹਿਮੰਡ ਵਿਚ ਗੂੰਜ ਰਿਹਾ ਦੈਵੀ ਸੰਗੀਤ ਹੈ। ਇਹ ਤਾਂ ਆਤਮਾ ਦੀ ਧੜਕਣ ਅਤੇ ਥਰਥਰਾਹਟ ਹੈ। ਗੁਰਵਾਕ ਹੈ:

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥
ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤ ਰਖਾਇਆ ॥
ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥
ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ॥ (ਪੰਨਾ ੯੨੨)

ਅਕਾਲ ਪੁਰਖ ਨੇ "ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥ " ਅਨੁਸਾਰ ਸਾਰਾ ਦ੍ਰਿਸ਼ਟ ਅਤੇ ਅਣਦ੍ਰਿਸ਼ਟ ਸੰਸਾਰ "ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥ ਦੁਯੀ

ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।" ਤਥਾ "ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ।" ਅਨੁਸਾਰ ਸਾਰੇ ਬ੍ਰਹਿਮੰਡ ਦੀ ਰਚਨਾ ਕਰ ਕੇ, "ਸਿਰਿ ਸਿਰ ਰਿਜਕੁ ਸੰਬਾਹੇ ਠਾਕੁਰ ਤਥਾ" ਰਿਜਕੁ ਦੀਆਂ ਸਭ ਹੂ ਕਉ ਤਦ ਕਾ।" ਅਨੁਸਾਰ ਸਭ ਦੀਆਂ ਲੋੜਾਂ ਤੇ ਇੱਛਾਵਾਂ ਪੂਰੀਆਂ ਕਰਨ ਦਾ ਪ੍ਰਬੰਧ ਕੀਤਾ ਹੋਇਆ ਹੈ, "ਇਛਾ ਪੂਰਕੁ ਸਰਬ ਸੁਖ ਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ।" ਅਤੇ ਉਹ "ਕਿ ਕਾਰਨ ਕੁਨਿੰਦ ਹੈ॥ ਕਿ ਰੋਜ਼ੀ ਦਿਹੰਦ ਹੈ।" ਅਤੇ "ਜੈਸੀ ਭੂਖ ਤੈਸੀ ਕਾ ਪੂਰਕੁ" ਹੈ। ਭਾਵ ਉਸ ਨੇ ਸਰੀਰਿਕ ਪਾਲਣ ਪੋਸ਼ਣ ਲਈ ਅਨੇਕ ਪ੍ਰਕਾਰੀ ਪ੍ਰਕਿਤੀ ਪੈਦਾ ਕਰ ਦਿੱਤੀ ਅਤੇ "ਆਤਮਾ" - "ਰੂਹ" ਦੀ ਖੁਰਾਕ ਵਜੋਂ "ਸੰਗੀਤ-ਧੁਨੀ" ਪੈਦਾ ਕਰ ਦਿੱਤੀ। ਸ੍ਰੀ ਗੁਰੂ ਨਾਨਕ ਦੇਵ ਜੀ ਇਸ ਰਹੱਸ ਬਾਰੇ ਰਾਗ ਬਿਲਾਵਲੁ ਵਿਚ ਇਉਂ ਫਰਮਾਉਂਦੇ ਹਨ:

ਜੇ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ॥

ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈਂ ਅੰਧੁਲੇ ਕਿਆ ਚਤੁਰਾਈ॥ (ਪੰਨਾ ੭੯੫)

ਅਕਾਲ ਪੁਰਖ ਵਲੋਂ ਸਿਰਜੀ, ਸ਼ਿੰਗਾਰੀ ਅਤੇ ਸਵਾਰੀ ਅਨੰਦ ਭਾਂਤੀ ਅਤੇ ਬਹੁਰੰਗੀ ਪ੍ਰਕ੍ਰਿਤੀ ਤਥਾ ਕੁਦਰਤਿ ਵੱਲ ਝਾਤ ਮਾਰਦਿਆਂ ਹੀ ਸ੍ਰੀ ਗੁਰੂ ਨਾਨਕ ਜੀ ਵਜ਼ਦ ਵਿਚ ਆ ਕੇ ਪ੍ਰਕਾਰ ਉੱਠਦੇ ਹਨ:

ਬਲਿਹਾਰੀ ਕੁਦਰਤਿ ਵਸਿਆ॥

ਤੇਰਾ ਅੰਤੁ ਨ ਜਾਈ ਲਖਿਆ॥

ਫਿਲਮਾਂ, ਰਾਜ ਦਰਬਾਰਾਂ, ਮੈਦਾਨ-ਏ-ਜੰਗ, ਧਾਰਮਿਕ ਸਮਾਗਮਾਂ ਅਤੇ ਖੁਸ਼ੀ-ਗਮੀ ਦੇ ਮੌਕੇ ਸੁਰ-ਸਾਜ਼ਾਂ ਦੁਆਰਾ ਪੈਦਾ ਕੀਤੇ ਜਾਂਦੇ ਸੰਗੀਤ ਦੀ ਵਰਤੋਂ ਆਮ ਦੇਖੀ ਜਾਂਦੀ ਹੈ। ਆਧੁਨਿਕ ਯੁੱਧ ਕਲਾ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਸਾਰੀਆਂ ਜੰਗਾਂ ਅਤੇ ਯੁੱਧ ਸਮੇਂ ਢੋਲਾਂ, ਨਰਸਿੰਗਿਆਂ, ਧੌਂਸਿਆਂ, ਮ੍ਰਿਦੰਗਾਂ, ਨਗਾਰਿਆਂ, ਤੂਰਿਆਂ ਵਿਚੋਂ ਪੈਦਾ ਹੁੰਦਾ ਘਣਘੋਰ ਜੋਸ਼ੀਲਾ ਸੰਗੀਤ ਯੋਧਿਆਂ ਅਤੇ ਜੰਗਜੂਆਂ ਅੰਦਰ "ਜੂਝ ਮਰਨ" ਦੀ ਭਾਵਨਾ ਅਤੇ ਜਜ਼ਬਾ ਪੈਦਾ ਕਰਨ ਵਿਚ ਸਹਾਈ ਹੁੰਦਾ ਹੈ। ਸਪੇਰੇ ਦੀ ਬੀਨ ਵਿਚੋਂ ਪੈਦਾ ਹੋਇਆ ਸੰਗੀਤ ਜ਼ਹਿਰੀਲੇ ਸੱਪ ਨੂੰ ਮੇਲਣ (ਝੂਮਣ) ਲਾ ਦਿੰਦਾ ਹੈ ਸਗੋਂ ਉਹ ਤਾਂ ਇਸ ਨਾਲ ਕੀਲਿਆ ਹੀ ਜਾਂਦਾ ਹੈ। ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀ ਬੰਸਰੀ ਵਿਚੋਂ ਉਗਮਿਆਂ ਸੰਗੀਤ ਜੰਗਲਾਂ-ਬੇਲਿਆਂ, ਪਸ਼ੂਆਂ-ਪੰਥੀਆਂ ਨੂੰ ਮੰਤਰ-ਮੁਗਧ ਕਰ ਦਿੰਦਾ ਸੀ। ਜੰਗਲਾਂ ਵਿਚੋਂ ਲੰਘਦੀ ਸ਼ੂਕਦੀ ਸਾਂ-ਸਾਂ ਕਰਦੀ ਹਵਾ ਇਕ ਅਨੋਖਾ ਸੰਗੀਤਮਈ ਮਹੌਲ ਸਿਰਜ ਦਿੰਦੀ ਹੈ। ਅੰਬਰਾਂ ਵਿਚ ਬੱਦਲਾਂ ਦੀ ਗੜਗੜਾਹਟ ਅਤੇ ਕੜਕਦੀ ਬਿਜਲੀ ਦੀ ਆਵਾਜ਼ ਵੀ ਇਕ ਤਰ੍ਹਾਂ ਡਰਾਉਣਾ ਸੰਗੀਤ ਪੈਦਾ ਕਰ ਦਿੰਦੀ ਹੈ। "ਪਿਰੁ ਘਰਿ ਨਹੀਂ ਆਵੈ ਮਰੀਐ ਹਾਵੇ ਦਾਮਨਿ ਚਮਕਿ ਡਰਾਏ।" ਭੰਗੜਾ ਪਾਉਣ ਵਾਲਿਆਂ ਨੂੰ, ਨੱਚਣ-ਕੁੱਦਣ ਵਾਲਿਆਂ ਨੂੰ, ਗਤਕੇ ਦੇ ਜੌਹਰ ਵਿਖਾਉਣ ਵਾਲਿਆਂ ਨੂੰ, ਬਾਜੀਗਰਾਂ ਨੂੰ ਬਾਜੀ ਪਾਉਣ ਦੀ ਖੇਡ ਖੇਡਣ ਵਿਚ, ਬਲਦਾਂ ਅਤੇ ਊਠਾਂ ਦੇ ਗਲਾਂ ਵਿਚ ਪਾਏ ਘੁੰਗਰੂ ਅਤੇ ਟੱਲੀਆਂ ਵਿਚੋਂ ਪੈਦਾ ਹੁੰਦਾ ਸੰਗੀਤ, ਖੂਹ ਦੇ ਚਕਲਾਂ ਅਤੇ ਚਕਲੀ ਦੀ ਕਾਰਜਸ਼ੀਲਤਾ ਨੂੰ ਨਿਯਮਬੱਧ ਕਰਨ ਲਈ ਲਗਾਇਆ ਹੋਇਆ "ਕੁੱਤਾ" ਜਿੱਥੇ ਖੂਹ ਦੀਆਂ ਟਿੰਡਾਂ ਨੂੰ ਪਿੱਛੇ ਮੁੜਨੋਂ ਰੋਕਦਾ ਹੈ ਉਥੇ ਉਸ ਦੀ ਟਕ-ਟਕ ਕਰਦੀ

ਆਵਾਜ਼ ਵੀ ਆਪਣੀ ਕਿਸਮ ਦਾ ਸੰਗੀਤ ਪੈਦਾ ਕਰਦੀ ਹੈ ਇਹਨਾਂ ਸਾਰੀਆਂ ਹਾਲਤਾਂ ਵਿਚ ਸੁਰ ਅਤੇ ਤਾਲ ਦੇ ਸੰਯੋਗ ਵਿਚੋਂ ਪੈਦਾ ਹੋਇਆ ਸੰਗੀਤ ਸੰਬੋਧਿਤ ਧਿਰਾਂ ਨੂੰ ਮਸਤ ਕਰ ਦਿੰਦਾ ਹੈ ਅਤੇ ਉਹਨਾਂ ਅੰਦਰ ਅਕੇਵੇਂ ਅਤੇ ਥਕੇਵੇਂ ਦਾ ਅਹਿਸਾਸ ਪੈਦਾ ਨਹੀਂ ਹੋਣ ਦਿੰਦਾ ਸਗੋਂ ਇਹਨਾਂ ਸਾਰਿਆਂ ਨੂੰ ਇਕ ਜੋਸ਼, ਜਜ਼ਬਾ ਅਤੇ ਜ਼ਾਬਤਾ ਵੀ ਪ੍ਰਦਾਨ ਕਰਦਾ ਹੈ। ਜੀਵਨ ਵਿਚ ਹਰ ਰੋਜ਼ ਮਹਿਸੂਸ ਕਰ ਰਹੇ ਹਾਂ ਕਿ ਗਮੀ ਤਥਾ ਅੰਤਮ ਸਸਕਾਰ ਸਮੇਂ ਜਦੋਂ "ਮਾਤਮੀ ਧੁਨਾਂ" ਵਜਦੀਆਂ ਹਨ ਤਾਂ ਇਹਨਾਂ ਮਾਤਮੀ ਧੁਨਾਂ ਨਾਲ ਸਾਰਾ ਮਹੌਲ ਹੀ ਗਮਗੀਨ ਹੋ ਜਾਂਦਾ ਹੈ ਅਤੇ ਚਾਰੇ ਪਾਸੇ ਖਮੋਸ਼ੀ ਛਾ ਜਾਂਦੀ ਹੈ ਪਰੰਤੂ ਜਦੋਂ ਕਦੀ ਜਿੱਤ ਜਾਂ ਖੁਸ਼ੀ ਦੇ ਸਮੇਂ ਜਿੱਤ ਦੀਆਂ ਧੁਨੀਆਂ ਵਜਾਈਆਂ ਜਾਂਦੀਆਂ ਹਨ ਤਾਂ ਮਾਹੌਲ ਵਿਚ ਖੁਸ਼ੀ, ਖੇੜਾ ਅਤੇ ਹੁਲਾਸ ਪੈਦਾ ਹੋ ਜਾਂਦਾ ਹੈ ਅਤੇ ਮਨਾਂ ਅੰਦਰ ਇਕ ਜਜ਼ਬਾ, ਜੋਸ਼, ਖੇੜਾ ਅਤੇ ਵਲਵਲਾ ਪੈਦਾ ਹੋ ਜਾਂਦਾ ਹੈ ਇਸੇ ਤਰ੍ਹਾਂ ਜੰਗਾਂ-ਯੁੱਧਾਂ ਦੀ ਜਿੱਤ ਸਮੇਂ ਵਜਾਏ ਜਾਂਦੇ ਢੋਲ, ਧੌਂਸੇ ਅਤੇ ਨਗਾਰੇ ਜੇਤੂ ਮਹੌਲ ਵਿਚ ਹੋਰ ਵੀ ਜ਼ਿਆਦਾ ਜੋਸ਼, ਰੰਗੀਨੀ ਅਤੇ ਅਦਭੁਤ ਜਜ਼ਬਾ ਪੈਦਾ ਕਰ ਦਿੰਦੇ ਹਨ। ਸੰਗੀਤਕ ਧੁਨੀ ਦੇ ਵੱਖ-ਵੱਖ ਰਾਗਾਂ ਵਿਚ ਕੀਤਾ ਜਾ ਰਿਹਾ ਗੁਰਬਾਣੀ ਕੀਰਤਨ ਸਰੋਤਿਆਂ ਨੂੰ ਆਤਮਿਕ ਹੁਲਾਰਾ ਪ੍ਰਦਾਨ ਕਰ ਕੇ ਵਿਸਮਾਦ ਵਿਚ ਲੈ ਜਾਂਦਾ ਹੈ ਅਤੇ ਉਹਨਾਂ ਨੂੰ ਲਿਵਲੀਨ ਤਥਾ ਪਰਮਤੱਤ ਨਾਲ ਅਭੇਦ ਹੋਣ ਵਿਚ ਸਹਾਈ ਹੁੰਦਾ ਹੈ। ਗੁਰਵਾਕ ਹੈ:

ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥

ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥ (ਪੰਨਾ ੭੭੪)

ਭਾਰਤ ਵਿਚ ਸੰਗੀਤ ਦਾ ਅਰੰਭ ਵੇਦਾਂ ਦੇ ਸਮੇਂ ਤੋਂ ਦੇਖਿਆ ਜਾ ਸਕਦਾ ਹੈ। ਸਮੂਹ ਵੇਦਾਂ ਵਿਚ ਵੇਦ-ਮੰਤਰਾਂ ਦੇ ਗਾਇਨ ਦਾ ਵਿਧਾਨ ਹੈ ਅਤੇ ਸਾਮਵੇਦ ਨੂੰ ਭਾਰਤੀ ਸੰਗੀਤ ਦੀ ਪਰੰਪਰਾ ਦਾ ਮੁੱਢ ਮੰਨਿਆ ਜਾਂਦਾ ਹੈ। ਪ੍ਰਿ: ਸਮਸ਼ੇਰ ਸਿੰਘ ਕਰੀਰ ਲਿਖਦੇ ਹਨ, "ਸੰਗੀਤ ਵਿਚ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ।" ਇਸ ਵਿਚ ਸਭ ਤੋਂ ਪਹਿਲਾਂ ਨਾਦ ਦੇ ਤਿੰਨ ਉਤਰਾਵ ਅਤੇ ਤਿੰਨ ਚੜ੍ਹਾਵ ਜਿਵੇਂ ਉਦਾਤ, ਅਨੁਦਾਤ ਅਤੇ ਸਵਰਿਤ ਦੇ ਰੂਪ ਵਿਚ ਮਿਲਦੇ ਹਨ। ਇਹਨਾਂ ਸੁਰਾਂ ਦਾ ਵਰਣਨ ਸ੍ਰੀ ਏ. ਕੁਮਾਰ ਸ਼ਾਸਤਰੀ ਅਤੇ ਸਵਾਮੀ ਸ਼ੰਕਰਾਨੰਦ ਨੇ 'ਚਿਕਤੰਤਰਮ' ਅਤੇ 'ਦੀ ਪ੍ਰੀ-ਹਿਸਟੋਰਿਕ ਇੰਡਸਵੇਲੀ ਸਿਵਲਾਈਜੇਸ਼ਨ' ਕਿਤਾਬ ਵਿਚ ਕੀਤਾ ਹੈ। ਇਹਨਾਂ ਤਿੰਨਾਂ ਸੂਰਾਂ ਵਿਚ ਸਾਗਮਾਨ ਹੁੰਦਾ ਹੈ। ਤਿੰਨ ਸੂਰਾਂ ਤੋਂ ਅੱਜ ਦੇ ਸਤ ਸੂਰਾਂ ਦੀ ਉਤਪਤੀ ਮੰਨੀ ਜਾਂਦੀ ਹੈ ਜਿਸ ਦਾ ਵਰਣਨ 'ਪਾਨਣੀ ਸਿੱਖਿਆ' ਅਤੇ 'ਨਾਰਦੀ ਸਿਖਸ਼ਾ' ਗ੍ਰੰਥਾਂ ਵਿਚ ਮਿਲਦਾ ਹੈ। "ਮਹਾਭਾਰਤ ਦੇ ਮਹਾਯੁੱਧ ਵਿਚ ਜੁੰਗਜੂ ਸੁਰਾਂ-ਜੰਗਜੂ ਸੰਗੀਤ ਦਾ ਵਿਸ਼ੇਸ਼ ਮਹੱਤਵ ਵੇਖਣ ਨੂੰ ਮਿਲਦਾ ਹੈ। ਹੋਰ ਅਨੇਕਾਂ ਜੰਗੀ ਸੰਗੀਤ ਸਾਧਨਾਂ ਰਾਹੀਂ ਮੈਦਾਨ-ਏ-ਜੰਗ ਵਿਚ ਘਣਘੋਰ ਆਵਾਜ਼ਾਂ ਵਿਚ ਹੀ ਸਾਰਾ ਯੁੱਧ ਲੜਿਆ, ਜਿੱਤਿਆ-ਹਾਰਿਆ ਗਿਆ? ਯੁੱਧ ਵਿਚ ਜੂਝ ਮਰਨ ਦਾ ਜਜ਼ਬਾ ਅਤੇ ਅਥਾਹ ਜੋਸ਼ ਢੋਲ, ਮਿਰਦੰਗ, ਨਗਾਰੇ, ਨਰਸਿੰਗਿਆਂ ਆਦਿ ਨੇ ਹੀ ਪੈਦਾ ਕੀਤਾ ਸੀ। ਨਾਚਾਂ, ਗਿੱਧਿਆਂ, ਭੰਗੜਿਆਂ ਆਦਿ ਵਿਚ ਅਲਗੋਂਜੇ, ਤੂੰਬਾਂ, ਢੋਲ, ਚਿਮਟਾਂ ਮੁਟਿਆਰਾਂ ਦੇ ਪੈਰਾਂ ਵਿਚ ਪਾਈਆਂ ਝਾਂਜਰਾਂ ਜਾਂ ਘੁੰਗਰੂ ਆਦਿ ਰਾਹੀਂ ਸਾਰਾ ਕਾਰਜ ਬੜੇ ਜੋਸ਼ੀਲੇ ਢੰਗ ਨਾਲ ਕੇਵਲ ਤੇ ਕੇਵਲ ਸੰਗੀਤ ਦੀ ਸੁਰ ਅਤੇ ਤਾਲ ਉੱਤੇ ਹੀ ਕੀਤਾ ਜਾਦਾ ਹੈ। ਇਥੋਂ ਤਕ ਕਿ ਵਿਆਹ,

ਮੰਗਣੀਆਂ ਅਤੇ ਸ਼ਗਨਾਂ ਸਮੇਂ ਸੁਰ-ਸਾਜਾਂ ਤੋਂ ਬਗੈਰ ਹੀ ਗਾਏ ਜਾਂਦੇ ਗੀਤਾਂ ਵਿਚ ਵੀ ਗਾਉਣ ਵਾਲਿਆਂ ਵੱਲੋਂ ਆਪਣੀ ਜ਼ਬਾਨ ਰਾਹੀਂ ਲੰਬੀ ਹੇਕ ਵੀ ਇਕ ਕਿਸਮ ਦਾ ਮੌਖਿਕ ਸੰਗੀਤ ਹੀ ਪੈਦਾ ਕਰਦੀ ਹੈ, ਜੋ ਮਨੁੱਖੀ ਮਨ ਅੰਦਰ ਖੁਸ਼ੀਆਂ ਦੀਆਂ ਤਰੰਗਾਂ ਨੂੰ ਹੋਰ ਉਤੇਜਿਤ ਕਰਦੇ ਹਨ ਅਤੇ ਇਸੇ ਤਰ੍ਹਾਂ ਵੈਣ ਪਾਉਣ (ਅਲਾਹੁਣੀਆਂ) ਸਮੇਂ ਵੀ ਕੱਢੀ ਜਾਂਦੀ ਮਨ ਦੀ ਹੂਕ ਅਤੇ ਲੰਮੀ ਹੇਕ ਵੀ ਗਮਗੀਨ ਸੰਗੀਤ ਪੈਦਾ ਕਰਦੀ ਹੈ, ਜੋ ਗਮ ਦੀ ਭਾਵਨਾ ਨੌਂ ਹੋਰ ਵੀ ਜ਼ਿਆਦਾ ਸੰਵੇਦਨਸ਼ੀਲ ਅਤੇ ਪੀਡੀ ਬਣਾ ਦਿੰਦੀ ਹੈ। ਸੰਗੀਤ ਅਸਲ ਵਿਚ ਇਸ ਕਾਇਆ ਦੇ ਅੰਦਰ ਵੱਸ ਰਹੇ ਇਕ ਅਦ੍ਰਿਸ਼ਟ ਸੰਸਾਰ ਦਾ ਹੀ ਇਕ ਮਹੱਤਵਪੂਰਨ ਹਿੱਸਾ ਹੈ। ਭਗਤੀ ਸੰਗੀਤ ਪਰੰਪਰਾ ਦੌਰਾਨ ਇਸ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਭਗਤ ਜਨਾਂ ਵੱਲੋਂ ਸੰਗੀਤ ਪੈਦਾ ਕਰਨ ਲਈ ਛੈਣੇ, ਖੜਤਾਲਾਂ ਆਦਿ ਦੀ ਵਰਤੋਂ ਵਧੇਰੇ ਕੀਤੀ ਜਾਂਦੀ ਸੀ ਕਿਉਂਕਿ ਇਹ ਸਾਜ਼ ਸਸਤੇ ਹੁੰਦੇ ਸਨ। ਭਗਤਾਂ ਨੇ ਸੰਗੀਤ ਦੀ ਸੰਗਤ ਨਾਲ ਕੀਤੇ ਗਾਇਨ ਰਾਹੀਂ ਲੋਕਾਂ ਦੇ ਮਨਾਂ ਨੂੰ ਤਾਂ ਟੁੰਬਿਆ ਹੀ ਹੈ ਸਗੋਂ ਨਾਲ ਹੀ ਉਹਨਾਂ ਨੇ ਇਸ ਵਿੱਦਿਆ ਰਾਹੀਂ ਲੋਕ-ਮਨਾਂ ਵਿਚੋਂ ਵਹਿਮਾਂ-ਭਰਮਾਂ ਅਤੇ ਕੁਰੀਤੀਆਂ ਨੂੰ ਦੂਰ ਕਰਨ ਦਾ ਕਾਰਜ ਵੀ ਕੀਤਾ ਹੈ।

ਅੱਜੋਕੇ ਸਮੇਂ ਵੀ ਹੋਰਨਾਂ ਵੰਨਗੀਆਂ ਦੇ ਨਾਲ -ਨਾਲ ਸ਼ਾਸਤਰੀ ਸੰਗੀਤ-ਵਾਦਨ/ਸਿਤਾਰਵਾਦਨ, ਸਰੋਦ-ਵਾਦਨ ਆਦਿ ਦਾ ਬਹੁਤ ਮਹੱਤਵ ਹੈ ਅਤੇ ਅਨੇਕਾਂ ਹੀ ਪੁਰਾਤਨ ਸੰਗੀਤ ਘਰਾਣੇ ਪੀੜ੍ਹੀ-ਦਰ-ਪੀੜ੍ਹੀ ਇ ਸੰਗੀਤ ਪਰੰਪਰਾ ਨੂੰ ਜੀਵਤ ਰੱਖ ਰਹੇ ਹਨ। ਜੋ ਸੰਗੀਤ ਪ੍ਰੇਮੀਆਂ ਲਈ ਕਿਸੇ ਵੱਡੇ ਪਰਉਪਕਾਰ ਤੋਂ ਘੱਟ ਨਹੀਂ ਹੈ। ਮੰਦਰਾਂ ਅੰਦਰ ਸੰਗੀਤ ਦੇ ਸੰਗ ਕੀਰਤਨ ਮੰਡਲੀਆਂ ਵੱਲੋਂ ਕੀਤਾ ਜਾਂਦਾ ਪ੍ਰਭੂ=ਜਸ ਗਾਇਨ, ਉਤਾਰੀ ਜਾਦੀ ਆਰਤੀ ਅਤੇ ਸੰਖ ਦੁਆਰਾ ਕੱਢੀ ਜਾਂਦੀ "ਓਮ" ਦੀ ਧੁਨੀ ਇਸੇ ਪਰੰਪਰਾ ਦੀ ਹੀ ਲਖਾਇਕ ਹੈ।

ਗੁਰੂ ਸਾਹਿਬਾਨ ਨੇ ਪ੍ਰਭੂ ਦਾ ਜਸ ਗਾਉਣ ਤਥਾ ਕੀਰਤਨ ਕਰਨ ਲਈ ਸੰਗੀਤ ਦੀ ਵਰਤੋਂ ਕੀਤੀ ਹੈ ਜਿਸ ਨੂੰ ਗੁਰਬਾਣੀ ਸੰਗੀਤ ਕਿਹਾ ਜਾਂਦਾ ਹੈ। ਕਿਉਂਕਿ ਗੁਰਬਾਣੀ ਹੀ ਗੁਰਮਤਿ ਦਰਸ਼ਨ, ਪਰੰਪਰਾ ਅਤੇ ਗੁਰਮਤਿ ਸਭਿਅਚਾਰ ਦਾ ਸਰੋਤ ਅਤੇ ਆਧਾਰ ਹੈ। ਇਸ ਲਈ ਹੀ ਜਿਨ੍ਹਾਂ ਰਾਗਾਂ ਤਥਾ ਸੰਗੀਤਕ ਧੁਨੀ ਦੇ ਰੂਪ ਸੰਗ ਗੁਰਬਾਣੀ ਗਾਇਨ ਕੀਤੀ ਗਈ ਉਸ ਨੂੰ "ਗੁਰਬਾਣੀ ਸੰਗੀਤ" ਨਾਲ ਸੰਗਿਆ ਦਿੱਤੀ ਗਈ। ਗੁਰਬਾਣੀ ਸੰਗੀਤ ਸਤਿਗੁਰਾਂ ਵੱਲੋਂ ਬਖਸ਼ਿਆ ਮਾਨਵਤਾ ਲਈ ਇਕ ਵਰਦਾਨ ਹੀ ਹੈ। ਸਾਹਿਤ ਦਾ ਕਾਵਿ ਰੂਪ ਵਾਰਤਕ ਰੂਪ ਨਾਲੋਂ ਮਨੁੱਖੀ ਮਨ ਉੱਤੇ ਵਧੇਰੇ ਅਸਰ ਪਾਉਂਦਾ ਹੈ, ਗੁਰੂ ਸਾਹਿਬਾਨ ਨੇ ਬਾਣੀ ਦੀ ਰਚਨਾ ਕਾਵਿ ਰੂਪ ਵਿਚ ਕੀਤੀ ਹੈ ਅਤੇ ਇਸ ਨੂੰ ਹੋਰ ਵਧੇਰੇ ਪ੍ਰਭਾਵਸ਼ਾਲੀ ਰੂਪ ਵਿਚ ਲੋਕਾਂ ਤਕ ਲਿਜਾਣ ਲਈ ਸੁਰ-ਤਾਲ-ਲੈਅ ਦੀ ਵਰਤੋਂ ਕੀਤੀ ਹੈ। ਪ੍ਰਿ: ਸਮਸ਼ੇਰ ਸਿੰਘ ਅਨੁਸਾਰ, "ਇਹ ਨਿਸ਼ਚਿਤ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਦਾ ਰਾਗਾਂ ਦੇ ਸਮੇਂ ਮੰਡਲ ਅਤੇ ਇਸ ਦੇ ਰਸ ਅਨੁਸਾਰ ਉਚਾਰਨ ਕੀਤਾ ਸੀ। ਇਸ ਗੱਲ ਦਾ ਸਮਰਥਨ ਡਾ. ਤਾਰਨ ਸਿੰਘ ਨੇ ਆਪਣੀ ਪੁਸਤਕ 'ਗੁਰੂ ਨਾਨਕ ਚਿੰਤਨ ਅਤੇ ਕਲਾ' ਵਿਚ ਕੀਤੀ ਹੈ।" "ਸ਼ਬਦ ਗੁਰੂ ਸੁਰਤਿ ਧੁਨਿ ਚੇਲਾ" ਦਾ ਮਹਾਨ ਸਿਧਾਂਤ ਬਖਸ਼ ਕੇ ਗੁਰੂ ਸਾਹਿਬਾਂ ਨੇ ਸੰਸਾਰ ਦੇ ਅਧਿਆਤਮਿਕ ਜੀਵਨ ਵਿਚ ਇਕ ਨਵਾਂ ਮੀਲ-ਪੱਥਰ ਸਥਾਪਿਤ ਕਰ ਦਿੱਤਾ। ਸ਼ਬਦ ਅਤੇ ਸੁਰ ਨੇ ਲੋਕ-ਮਨਾਂ ਤੇ ਅਜਿਹਾ ਅਸਰ ਪਾਇਆ ਕਿ

ਖੇਰੂੰ-ਖੇਰੂੰ ਹੋ ਰਹੀ ਭਾਰਤੀ ਸੱਭਿਅਤਾ ਇਕ ਪਲੇਟਫਾਰਮ 'ਤੇ ਇਕੱਤਰ ਹੋ ਗਈ। ਸਤਿਗੁਰਾਂ ਨੇ "ਕੀਰਤਨੁ ਨਿਰਮੋਲਕ ਹੀਰਾ ਆਨੰਦ ਗੁਣੀ ਗਹੀਰਾ" ਦੁਆਰਾ ਸੰਗੀਤਮਈ ਕੀਰਤਨ ਵਿਵਸਥਾ ਦਾ ਮਹੱਤਵ ਪੂਰਾ ਕੀਤਾ ਹੈ। ਸਮਾਜ ਦੇ ਵਿਭਿੰਨ ਵਰਗਾਂ ਨੂੰ ਇਕ ਪਲੇਟਫਾਰਮ 'ਤੇ ਲਿਆਉਣ ਅਤੇ ਪ੍ਰਭੂ-ਮੁਖੀ ਦਿਸ਼ਾ ਪ੍ਰਦਾਨ ਕਰਨ ਲਈ ਕੀਰਤਨ ਦੇ ਮਹੱਤਵ ਨੂੰ ਪ੍ਰਗਟ ਕਰਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ:

ਤੀਰਥਿ ਜਾਉ ਤ ਹਉ ਹਉ ਕਰਤੇ ॥ ਪੰਡਿਤ ਪੂਛਉ ਤ ਮਾਇਆ ਰਾਤੇ ॥
ਸੋ ਅਸਥਾਨੁ ਬਤਾਵਹੁ ਮੀਤਾ ॥ ਜਾ ਕੈ ਹਰਿ ਹਰਿ ਕੀਰਤਨ ਨੀਤਾ ॥੧॥ ਰਹਾਉ ॥
ਸਾਸਤ੍ਰ ਬੇਦ ਪਾਪ ਪੁੰਨ ਵੀਚਾਰ ॥ ਨਰਕਿ ਸੁਰਗਿ ਫਿਰਿ ਫਿਰਿ ਅਉਤਾਰ ॥੨॥
ਗਿਰਸਤ ਮਹਿ ਚਿੰਤ ਉਦਾਸ ਅਹੰਕਾਰ ॥ ਕਰਮ ਕਰਤ ਜੀਅ ਕਉ ਜੰਜਾਰ ॥੩॥
ਪ੍ਰਭ ਕਿਰਪਾ ਤੇ ਮਨੁ ਵਸਿ ਆਇਆ ॥ ਨਾਨਕ ਗੁਰਮੁਖਿ ਤਰੀ ਤਿਨਿ ਮਾਇਆ ॥੪॥
ਸਾਧਸੰਗਤਿ ਹਰਿ ਕੀਰਤਨ ਗਾਈਐ ॥
ਇਹੁ ਅਸਥਾਨੁ ਗੁਰੂ ਤੇ ਪਾਈਐ ॥੧॥ ਰਹਾਉ ਦੂਜਾ ॥

ਓਪਰੀ ਨਜ਼ਰ ਨਾਲ ਹੀ ਵਾਚਿਆ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਮੁੱਖ 31 ਰਾਗਾਂ ਦੇ ਅੱਗੋਂ ਉਪ-ਰਾਗ ਮਿਲਾ ਕੇ ਕੁੱਲ 61 ਰਾਗਾਂ ਵਿਚ ਗੁਰਬਾਣੀ ਸ਼ਬਦ ਉਪਲਬਧ ਹਨ ਜਿਵੇਂ ਸਿਰੀ ਰਾਗੁ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ, ਜੈਜਾਵੰਤੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਗਉੜੀ ਭੀ ਸੋਰਠਿ ਭੀ, ਆਸਾਵਰੀ, ਆਸਾਵਰੀ ਸੁਧੰਗ, ਆਸਾ ਕਾਫੀ, ਦੇਵ ਗੰਧਾਰ, ਵਡਹੰਸ ਦੱਖਣੀ, ਤਿਲੰਗ ਕਾਫੀ, ਸੂਹੀ ਕਾਫੀ, ਸੂਹੀ ਲਲਿਤ, ਬਿਲਾਵਲੁ, ਦੱਖਣੀ, ਬਿਲਾਵਲੁ ਗੋਂਡ, ਰਾਮਕਲੀ ਦੱਖਣੀ, ਨਟ, ਮਾਰੂ ਕਾਫੀ, ਮਾਰੂ ਦਖਣੀ, ਬਸੰਤ ਹਿੰਡੋਲ, ਕਲਿਆਣ ਭੋਪਾਲੀ, ਪ੍ਰਭਾਤੀ ਬਿਭਾਸ, ਬਿਭਾਸ ਪ੍ਰਭਾਤੀ, ਪ੍ਰਭਾਤੀ ਦਖਣੀ। ਗੁਰਮਤਿ ਨੇ ਇਸ ਸਵਾਲ ਨੂੰ ਹੋਰ ਸਪਸ਼ਟ ਕਰਦਿਆਂ ਕਿਹਾ ਕਿ ਸੰਗੀਤਬੱਧ ਉਚਾਰੀ ਅਤੇ ਗਾਈ ਜਾਂਦੀ ਗੁਰਬਾਣੀ ਕੋਈ ਆਮ ਗੀਤ ਜਾਂ ਕਵਿਤਾ ਨਹੀਂ ਹੈ ਸਗੋਂ ਇਹ ਤਾਂ ਪ੍ਰਭੂ-ਜਸ ਗਾਇਨ ਹੈ। ਬ੍ਰਹਮ ਵੀਚਾਰ ਹੈ। ਇਹ "ਸਤਿਗੁਰ ਦੀ ਬਾਣੀ ਸਤਿ ਸਰੂਪੁ ਹੈ"। ਗੁਰਵਾਕ ਹੈ:

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥
ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥ (ਪੰਨਾ ੩੩੫)

ਤਥਾ

ਗੁਣ ਗੋਬਿੰਦ ਨਾਮ ਧੁਨਿ ਬਾਣੀ ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥ (ਪੰਨਾ ੨੯੬)

ਨਿਰਸੰਦੇਹ! ਗੁਰੂ ਸਾਹਿਬ ਨੇ ਸਾਰੇ ਬ੍ਰਹਿਮੰਡ ਅਤੇ ਖਾਸ ਕਰਕੇ ਭਾਰਤ ਦੀ ਸੰਗੀਤ ਪਰੰਪਰਾ ਨੂੰ ਸਾਹਮਣੇ ਰੱਖਿਆ। ਇਸ ਲਈ ਭਾਰਤੀ ਸੰਗੀਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਦਾ ਸਥਾਨ

ਇਸ ਆਧਾਰ 'ਤੇ ਪਰਖਿਆ ਅਤੇ ਸਥਾਪਿਤ ਕੀਤਾ ਜਾ ਸਕਦਾ ਹੈ ਕਿ ਗੁਰੂ ਸਾਹਿਬਾਨ ਦੇ ਕੁਝ ਰਾਗ ਲੋਕ-ਧੁਨ 'ਤੇ ਆਧਾਰਤ ਹਨ ਜਿਵੇਂ : ਤੁਖਾਰੀ, ਆਸਾ, ਵਡਹੰਸ ਅਤੇ ਮਾਝ ਆਦਿ। ਇਸ ਤੋਂ ਬਿਨਾਂ ਦੱਖਣੀ ਭਾਰਤੀ ਸੰਗੀਤ ਪੱਧਤੀ ਦੇ ਕੁਝ ਰਾਗ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਯੋਗ ਕੀਤੇ ਗਏ ਜਿਵੇਂ : ਵਡਹੰਸ ਦਖਣੀ, ਬਿਲਾਵਲ ਦਖਣੀ, ਰਾਮਕਲੀ ਦਖਣੀ, ਗਉੜੀ ਦਖਣੀ, ਮਾਰੂ ਦਖਣੀ, ਪ੍ਰਭਾਤੀ ਦਖਣੀ।

ਨਿਸਚੇ ਹੀ ਜਿਸ ਪ੍ਰਕਾਰ ਗੁਰੂ ਸਾਹਿਬਾਨ ਨੇ ਅਨੇਕ ਪ੍ਰਕਾਰ ਦੇ ਪ੍ਰਚਲਿਤ ਅਤੇ ਮੌਲਿਕ ਰਾਗਾਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਪਯੋਗ ਕੀਤਾ ਹੈ ਉਸ ਤੋਂ ਪਤਾ ਲਗਦਾ ਹੈ ਕਿ ਉਹਨਾਂ ਨੇ ਨਾ-ਕੇਵਲ ਸੰਗੀਤ ਦੇ ਪੁਰਾਤਨ ਵਿਰਸੇ ਨੂੰ ਸੰਭਾਲਿਆ ਸਗੋਂ ਆਪਣੇ ਮੌਲਿਕ ਰਾਗਾਂ ਦੁਆਰਾ ਇਹਨਾਂ ਰਾਗਾਂ ਨੂੰ ਰੂਹਾਨੀ ਦਰਜਾ ਦਿੱਤਾ। ਦੁਨੀਆਂ ਦੀ ਕਿਸੇ ਵੀ ਰੂਹਾਨੀ ਸ਼ਖਸੀਅਤ ਨੇ ਅਜਿਹਾ ਲਾਸਾਨੀ ਕਾਰਜ ਨਹੀਂ ਕੀਤਾ।

ਗੁਰਬਾਣੀ ਸੰਗੀਤ ਦੇ ਰਾਗਾਂ ਦੀ ਇਹ ਵੀ ਵਿਲੱਖਣਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਾਰੇ ਰਾਗ ਪੰਜ ਸਦੀਆਂ ਤੋਂ ਗੁਰਬਾਣੀ ਕੀਰਤਨ ਵਿਚ ਪ੍ਰਯੋਗ ਕੀਤੇ ਜਾ ਰਹੇ ਹਨ। ਪਰ ਭਾਰਤੀ ਸੰਗੀਤ ਵਿਚ ਲਗਭਗ 500 ਰਾਗਾਂ ਵਿਚੋਂ 250 ਰਾਗ ਪ੍ਰਚਾਰ ਵਿਚ ਹਨ ਅਤੇ ਕੇਵਲ 100 ਰਾਗ ਹੀ ਗਾਏ ਅਤੇ ਵਜਾਏ ਜਾਂਦੇ ਹਨ।

ਭਾਰਤੀ ਸਮਾਜ ਵਿਚ ਚਾਰ ਯੁੱਗਾਂ ਦਾ ਵਿਸ਼ੇਸ਼ ਮਹੱਤਵ ਹੈ। ਇਹਨਾਂ ਵਿਚ ਕਲਯੁੱਗ ਨੂੰ ਸਭ ਤੋਂ ਵਧੇਰੇ ਬੁਰੇ ਪ੍ਰਭਾਵ ਵਾਲਾ ਚਿਤਰਿਆ ਗਿਆ ਹੈ। ਇਸ ਵਿਚ ਆਤਮਾ ਨੂੰ ਅਣਗੋਲਿਆ ਕਰ ਕੇ ਅਣਗਿਣਤ ਤ੍ਰਿਸ਼ਨਾਵਾਂ ਅਤੇ ਇੱਛਾਵਾਂ ਦੀ ਪੂਰਤੀ ਤਥਾ ਸਰੀਰਕ ਚਮ-ਖੁਸ਼ੀਆਂ ਅਤੇ ਮਾਇਕ ਪਦਾਰਥਾਂ ਦੀ ਹੋੜ ਅਤੇ ਦੌੜ ਵਿਚ ਖੱਚਤ ਹੋਇਆ ਯੁਗ ਹੀ ਮੰਨਿਆ ਜਾਂਦਾ ਹੈ। ਗੁਰਵਾਕ ਹੈ, "ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥ ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ।" ਅਜੋਕਾ ਮਨੁੱਖ ਆਤਮਾ ਨੂੰ ਭੁੱਖਾ ਰੱਖ ਕੇ ਸਰੀਰ ਨੂੰ ਪਾਲਣ ਅਤੇ ਇਸ ਲਈ ਵੱਧ ਤੋਂ ਵੱਧ ਸੁੱਖ-ਸਹੂਲਤਾਂ ਮੁਹੱਈਆ ਕਰਾਉਣ ਦੇ ਆਹਰ ਵਿਚ ਕਾਰਜਸ਼ੀਲ ਹੋਇਆ ਹੈ। ਆਤਮਿਕ ਖੁਸ਼ੀ ਨਹੀਂ ਸਗੋਂ ਚਮ-ਖੁਸ਼ੀਆਂ ਦੇ ਛਿੰਨ ਭੰਗਰ ਖੁਸ਼ੀ ਨੂੰ ਮਾਣਨ ਨੂੰ ਸੰਤੁਸ਼ਟੀ ਮਹਿਸੂਸ ਕਰ ਰਿਹਾ ਹੈ। ਜਿਸ ਤਰ੍ਹਾਂ ਇਕ ਅੰਗਰੇਜ਼ ਲਿਖਾਰੀ ਨੇ ਟਿੱਪਣੀ ਕੀਤੀ ਹੈ, "We are feeding the body but starving our soul is becoming durment. Are we becoming soulless?" ਭਾਵ ਆਤਮਾ ਨੂੰ ਨਕਾਰ ਰਹੇ ਹਾਂ ਅਤੇ ਸਰੀਰ ਨੂੰ ਹੀ ਸ਼ਿੰਗਾਰ ਰਹੇ ਹਾਂ। ਜਦੋਂ ਮਨੁੱਖ "ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥ "ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥" ਤਥਾ "ਕਾਚੀ ਦੇਹ ਮੋਹ ਫੁਨਿ ਬਾਂਧੀ ਸਠ ਕਠੋਰ ਕੁਚੀਲ ਕੁਗਿਆਨੀ। ਧਾਵਤ ਭ੍ਰਮਤ ਰਹਨੁ ਨਹੀਂ ਪਾਵਤ ਪਾਰਬ੍ਰਹਮ ਕੀ ਗਤਿ ਨਹੀਂ ਜਾਨੀ।" ਦੇ ਨਿੱਜ-ਪ੍ਰਸਤੀ, ਮਤਲਬ-ਪ੍ਰਸਤੀ, ਮਾਦਾਪ੍ਰਸਤੀ ਵਾਲੇ ਗੈਰ-ਕੁਦਰਤੀ ਸਭਿਆਚਾਰ ਵਾਲਾ ਬਣ ਗਿਆ ਹੈ। ਨਿਰੋਲ ਪਦਾਰਥਵਾਦ ਦੇ ਪ੍ਰਭਾਵ ਅਧੀਨ ਮਨੁੱਖ ਭਾਈਚਾਰਾ, ਦੋਸਤ, ਰਿਸ਼ਤੇਦਾਰ ਆਦਿ ਸਮੂਹ ਲੋਕ ਸੁਆਰਥੀ ਦਿਖਾਈ ਦੇ ਰਹੇ ਮੰਨੇ ਜਾਂਦੇ ਹਨ। ਮਨੁੱਖ ਇਕ ਮਸ਼ੀਨ ਦੇ ਨਿਆਈਂ ਹੀ

ਬਣ ਗਿਆ ਹੈ। ਸਮਾਜ ਨੂੰ ਇਕਮੁੱਠ ਰੱਖਣ ਵਾਲੀਆਂ ਸਮੂਹ ਤੰਦਾਂ ਤਾਰ-ਤਾਰ ਹੋ ਰਹੀਆਂ ਦਿਸ ਰਹੀਆਂ ਹਨ। "ਏਕੁ ਪਿਤਾ ਏਕਸ ਕੇ ਹਮ ਬਾਰਿਕ" ਤਥਾ "ਸਭੈ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥" ਵਾਲੀ ਸਦਭਾਵਨਾ ਮਨੁੱਖੀ ਹਮਦਰਦੀ, ਆਪਸੀ ਸਾਂਝ, ਕਿਸੇ ਦੇ ਭਲੇ ਲਈ ਜੂਝਣ ਦਾ ਜਜ਼ਬਾ, "ਅਪਨਾ ਬਿਗਾਰਿ ਬਿਰਾਂਨਾ ਸਾਂਢੈ।" ਵਾਲੀ ਸੋਚ ਉਡਾਰੀ ਹੀ ਮਾਰ ਗਈ ਲਗਦੀ ਹੈ। ਇਥੋਂ ਤਕ ਕਿ ਮਾਤਾ-ਪਿਤਾ, ਭੈਣ-ਭਰਾ, ਪਤੀ-ਪਤਨੀ ਅਤੇ ਪੁੱਤਰਾਂ-ਧੀਆਂ ਦਾ ਪਵਿੱਤਰ ਰਿਸ਼ਤਾ ਅਤੇ ਹੋਰ ਅਨੇਕਾਂ ਹੀ ਨਿੱਜੀ ਅਤੇ ਸਮਾਜਿਕ ਰਿਸ਼ਤੇ ਅੱਜ ਬੇਅਰਥ ਹੀ ਹੋ ਕੇ ਰਹਿ ਗਏ ਹਨ। ਸਭ "ਪਦਾਰਥਕ ਲਾਭ" ਅਤੇ ਨਿੱਜ ਪ੍ਰਸਤੀ ਵਾਲੇ ਹੀ ਹੋ ਨਿਬੜੇ ਹਨ। "ਦਾਵਾ ਅਗਨਿ ਬਹੁਤ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ।" ਵਾਲੀ ਸਥਿਤੀ ਬਣੀ ਹੋਈ ਹੈ। ਗੁਰਬਾਣੀ ਮਨੁੱਖ ਨੂੰ ਜੀਵਨ ਦੇ ਕਿਸੇ ਵੀ ਮੋੜ ਤੇ ਨਿਰਾਸ਼ ਨਹੀਂ ਹੋਣ ਦਿੰਦੀ ਅਤੇ ਹਮੇਸ਼ਾ ਹੀ ਚੜ੍ਹਦੀ ਕਲਾ, ਸਹਿਣਸ਼ੀਲਤਾ, ਸੰਜਮ, ਸੁਸ਼ੀਲਤਾ ਅਤੇ ਸਹਿਜ ਅਵਸਥਾ ਵਿਚ ਰਹਿਣ ਦਾ ਉਪਦੇਸ਼ ਦਿੰਦੀ ਹੈ। ਗੁਰਬਾਣੀ ਵਿਚ ਫੁਰਮਾਇਆ ਹੈ ਕਿ ਕੀਰਤਨ ਰਾਹੀਂ ਕਲਯੁੱਗ ਦੇ ਪ੍ਰਭਾਵ ਤੋਂ ਮੁਕਤ ਹੋ ਸਕੀਦਾ ਹੈ:-

ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥
ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ॥ (ਪੰਨਾ ੧੦੭੫)

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਅੰਤਹਕਰਣ ਦੇ ਇਲਾਹੀ ਅਤੇ ਅਧਿਆਤਮਿਕ-ਰੂਹਾਨੀ-ਵਰਤਾਰੇ ਬਾਰੇ "ਨਮੋ ਨ੍ਰਿੱਤ ਨ੍ਰਿੱਤੇ॥ ਨਮੋ ਨਾਦ ਨਾਦੇ॥ ਨਮੋ ਪਾਨ ਪਾਨੇ॥ ਨਮੋ ਬਾਦ ਬਾਦੇ॥" ਫੁਰਮਾਉਂਦਿਆਂ ਇਉਂ ਸਪਸ਼ਟ ਕਰਦੇ ਹਨ:

ਤਾਤੀ ਗਹੁ ਆਤਮ ਬਸਿ ਕਰ ਕੀ ਭਿੱਛਾ ਨਾਮ ਅਧਾਰੰ॥
ਬਾਰੇ ਪਰਮ ਤਾਰ ਤਤੁ ਹਰਿ ਕੋ ਉਪਜੈ ਰਾਗ ਰਸਾਰੰ॥
ਉਘਟੈ ਤਾਨ ਤਰੰਗ ਰੰਗਿ ਅਤਿ ਗਿਆਨ ਗੀਤ ਬੰਧਾਨੰ॥
ਚਕਿ ਚਕਿ ਰਹੈ ਦੇਵ ਦਾਨਵ ਮੁਨਿ ਛਕਿ ਛਕਿ ਬਰਯੋਮ ਬਿਵਾਨੰ॥ (ਚਲਦਾ)

ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਮੋ: 99158-05100

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਸੀਸ ਦੀਆ ਪਰ ਸਿਰਰੁ ਨਾ ਦੀਆ

**ਕਰਮ ਸਿੰਘ ਰਤਨ,** ਮੋ: 9780708747

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ, ਔਰੰਗਜ਼ੇਬ ਬਾਦਸ਼ਾਹ ਨੇ ਇਹ ਹੁਕਮ ਕੀਤਾ ਕਿ ਜੋ ਗੁਰੂ ਕਾ ਸਿੱਖ ਹੈ, ਓਹ ਇਹਨਾਂ ਦਾ ਸਰੀਰ ਚੁੱਕ ਕੇ ਲੈ ਜਾਵੇ, ਤਾਂ ਡਰਦਾ ਮਾਰਾ ਕੋਈ ਵੀ ਸਿੱਖ ਅੱਗੇ ਨਹੀਂ ਆਇਆ ਅਤੇ ਅਖੀਰ ਵਿਚ ਭਾਈ ਲੱਖੀ ਸ਼ਾਹ ਵਣਜਾਰੇ ਨੇ, ਸਤਿਗੁਰੂ ਜੀ ਦਾ ਸਰੀਰ (ਧੜ) ਚੁੱਕ ਕੇ ਆਪਣੇ ਰੂੰ ਦੇ ਗੱਡੇ ਵਿਚ ਛਿਪਾ ਕੇ, ਆਪਣੇ ਪਿੰਡ (ਰਕਾਬਗੰਜ) ਵਿਚ ਲੈ ਗਿਆ ਅਤੇ ਰਾਤ ਨੂੰ ਆਪਣੇ ਘਰ ਨੂੰ ਅੱਗ ਲਗਾ ਕੇ, ਸਤਿਗੁਰ ਜੀ ਦੇ ਸਰੀਰ ਦਾ ਸਸਕਾਰ ਕਰ ਦਿੱਤਾ।

ਭਾਈ ਜੈਤਾ ਜੀ ਨੇ ਦੁਸ਼ਮਨਾਂ ਤੋਂ ਚੋਰੀ ਸਤਿਗੁਰ ਜੀ ਦਾ ਸੀਸ ਉਥੋਂ ਚੁੱਕਿਆ ਅਤੇ ਸਤਿਗੁਰ ਜੀ ਦਾ ਸੀਸ ਲੈ ਕੇ ਲੁਕਦਾ ਛਿਪਦਾ ਕਈ ਮੰਜ਼ਲਾਂ ਤਹਿ ਕਰ ਕੇ, ਕਈ ਦਿਨਾਂ ਬਾਅਦ ਸ੍ਰੀ ਅਨੰਦਪੁਰ ਸਾਹਿਬ ਪੁੱਜਾ ਅਤੇ ਗੁਰੂ ਗੋਬਿੰਦ ਸਿੰਘ ਨੇ ਸਤਿਗੁਰ ਜੀ ਦੇ ਸੀਸ ਦਾ ਸਸਕਾਰ ਆਪਣੇ ਹੱਥੀ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਕਿਹਾ ਕਿ ਦਿੱਲੀ ਦਾ ਸਾਰਾ ਬਿਰਤਾਂਤ ਸੁਣਾਉ। ਭਾਈ ਜੈਤਾ ਜੀ ਨੇ ਗੁਰੂ ਤੇਗ ਬਹਹਾਦਰ ਸਾਹਿਬ ਜੀ ਦੀ ਸ਼ਹੀਦੀ ਦਾ ਦਿੱਲੀ ਵਿਖੇ ਦਾ ਸਾਰਾ ਹਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਸੁਣਾਇਆ। ਤਾਂ ਭਾਈ ਜੈਤਾ ਜੀ ਨੇ ਜਦੋਂ ਸਤਿਗੁਰ ਜੀ ਨੂੰ ਇਹ ਗੱਲ ਦੱਸੀ ਕਿ ਸਤਿਗੁਰ ਜੀ ਦੀ ਸ਼ਹੀਦੀ ਤੋਂ ਬਾਅਦ, ਔਰੰਗਜ਼ੇਬ ਨੂੰ ਹੁਕਮ ਕੀਤਾ ਕਿ ਜੇਕਰ ਕੋਈ ਸਿੱਖ ਹੈ, ਤਾਂ ਉਹ ਇਹਨਾਂ ਦਾ ਸਰੀਰ ਚੁੱਕ ਕੇ ਲੈ ਜਾਵੇ, ਪਰ ਡਰਦਾ ਮਾਰਾ ਕੋਈ ਵੀ ਸਿੱਖ ਅੱਗੇ ਨਹੀਂ ਆਇਆ। ਇਹ ਗੱਲ ਸਤਿਗੁਰ ਜੀ ਨੇ, ਇਹ ਪੱਕਾ ਨਿਸਚਾ ਕਰ ਲਿਆ ਕਿ ਹੁਣ ਮੈਂ ਐਸਾ ਸਿੱਖ ਬਣਾਵਾਂਗਾ ਜੋ ਕਦੇ ਵੀ ਲੁੱਕ ਜਾਂ ਛਿਪ ਨਹੀਂ ਸਕੇਗਾ। ਭਾਵੇਂ ਲੱਖਾਂ ਬੰਦਿਆਂ ਵਿਚ ਖੜਾ ਹੋਵੇਗਾ, ਉਹ ਵੱਖਰਾ ਹੀ ਦਿਸੇਗਾ ਅਤੇ ਮਨ ਬਚਨ ਕਰਮ ਤੋਂ ਹਰ ਤਰ੍ਹਾਂ ਨਾਲ ਆਪਣੇ ਆਪ ਨੂੰ ਸਿੱਖ ਅਖਾਵੇਗਾ ਅਤੇ ਅਣਖ ਲਈ ਆਪਣੀ ਸ਼ਹੀਦੀ ਵੀ ਦੇ ਦੇਵੇਗਾ।

ਸੋ ਗੁਰੂ ਗੋਬਿੰਦ ਸਿੰਘ ਜੀ ਨੇ, ਇਸ ਨਿਸਚੇ ਨੂੰ ਪੱਕਾ ਕਰਨ ਲਈ ਅਤੇ ਗੁਰੂ ਨਾਨਕ ਜੀ ਦੇ ਇਸ ਵਾਕ ਨੂੰ ਪੂਰਾ ਕਰਨ ਲਈ ਕਿ (ਜਉ ਤਉ ਪ੍ਰੇਮ ਖੇਲਣ ਕਾ ਚਾਉ, ਸਿਰ ਧਰ ਤਲੀ ਗਲੀ ਮੇਰੀ ਆਉ) ਇਸ ਵਾਕ ਨੂੰ ਪ੍ਰੈਕਟੀਕਲ ਕਰਨ ਲਈ ਸੰਨ 1699 ਦੀ ਵੈਸਾਖੀ ਦਾ ਦਿਨ ਮਿਥਿਆ ਅਤੇ ਉਚੇਚੇ ਤੌਰ 'ਤੇ ਦੇਸ਼ ਵਿਚ ਜਿੱਥੇ ਜਿੱਥੇ ਗੁਰੂ ਨਾਨਕ ਨਾਮ ਸੇਵਾ ਸਿੱਖ ਸਨ, ਸੱਦੇ ਭੇਜ ਕੇ ਵੈਸਾਖੀ ਦੀ ਸੰਗਰਾਂਦ ਤੇ ਜੋੜ ਮੇਲਾ ਕਰਨ ਲਈ ਇਕੱਠ ਬੁਲਾ ਲਿਆ।

ਜਦੋਂ ਵੈਸਾਖੀ ਵਾਲੇ ਦਿਨ ਸਭ ਦੂਰੋਂ ਨੇੜਿਉਂ ਆਈਆਂ ਸੰਗਤਾਂ ਗੁਰੂ ਨਾਨਕ ਦੇ ਸਿੱਖ ਹਜ਼ਾਰਾਂ ਦੀ ਤਾਦਾਦ ਵਿਚ ਜਮਾਂ ਹੋ ਗਏ ਅਤੇ ਬੜੇ ਵੱਡੇ ਪੰਡਾਲ ਵਿਚ ਉੱਚੀ ਸਟੇਜ ਬਣੀ ਹੋਈ ਸੀ ਤੇ ਸੰਗਤ ਬੈਠੀ ਸਤਿਗੁਰੂ

ਜੀ ਦੇ ਦਰਸ਼ਨਾਂ ਦੀ ਉਡੀਕ ਕਰ ਰਹੀ ਸੀ ਤਾਂ ਸੰਗਤਾਂ ਦੀ ਕਾਫ਼ੀ ਉਡੀਕ ਤੋਂ ਬਾਅਦ ਸਤਿਗੁਰੂ ਗੁਰੂ ਗੋਬਿੰਦ ਸਾਹਿਬ, ਸ਼ਸਤਰ ਬਸਤਰ ਸਜਾਏ ਹੋਏ ਅਤੇ ਹੱਥ ਵਿਚ ਨੰਗੀ ਕਿਰਪਾਨ ਫੜੀ ਅਚਾਨਕ ਸਟੇਜ ਤੇ ਆਏ ਅਤੇ ਨੇਤਰ ਲਾਲ, ਬੜੇ ਰੋਹਬ ਵਾਲੇ ਚਿਹਰੇ ਨਾਲ ਲਲਕਾਰ ਕੇ ਕਿਹਾ। ਸਾਧ ਸੰਗਤ ਜੀ, ਆਪ ਸਾਰੇ ਹੀ ਆਪਣੇ ਆਪ ਨੂੰ ਗੁਰੂ ਕਾ ਸਿੱਖ ਅਖਵਾਉਣ ਦਾ ਦਮ ਭਰਦੇ ਹੋ ਅਤੇ ਸਾਰੇ ਹੀ ਆਪਣੇ ਆਪ ਨੂੰ ਗੁਰੂ ਨਾਨਕ ਦੇ ਸੱਚੇ ਸਿੱਖ ਅਖਵਾਉਂਦੇ ਹੋ ਤੇ ਗੁਰੂ ਨਾਨਕ ਜੀ ਦਾ ਹੀ ਇਹ ਹੁਕਮ ਹੈ (ਜਉ ਤਉ ਪ੍ਰੇਮ ਖੇਲਣ ਕਾ ਚਾਉ। ਸਿਰ ਧਰ ਤਲੀ ਗਲੀ ਮੇਰੀ ਆਉ) ਤੇ ਗੁਰੂ ਨਾਨਕ ਸਾਹਿਬ ਜੀ ਦੇ ਇਸ ਹੁਕਮ ਨੂੰ ਪੂਰਾ ਕਰਨ ਲਈ, ਜੇ ਸੱਚੇ ਸਿੱਖ ਹੋ ਤਾਂ ਆਉ ਅੱਜ ਗੁਰੂ ਨੂੰ ਇਕ ਸਿੱਖ ਦੇ ਸਿਰ ਦੀ ਲੋੜ ਹੈ, ਐਸਾ ਇਕ ਕੰਮ ਪੈ ਗਿਆ ਹੈ, ਜਿਹਦੇ ਲਈ ਇਕ ਸਿੱਖ ਦੇ ਸਿਰ ਦੀ ਲੋੜ ਹੈ। ਹੈ ਕੋਈ ਐਸਾ ਸੱਚਾ ਸਿੱਖ ਜੋ ਗੁਰੂ ਨੂੰ ਆਪਣੀ ਸੀਸ ਭੇਟ ਕਰੇ? ਸਤਿਗੁਰ ਜੀ ਦਾ ਇਹ ਰੋਹਬ ਭਰਿਆ ਹੁਕਮ ਸਣ ਕੇ ਇਕ ਵਾਰ ਤਾਂ ਸੰਗਤ ਵਿਚ ਸੰਨਾਟਾ ਛਾ ਗਿਆ।

ਪਰ ਸੰਗਤ ਵਿਚ ਐਸੇ ਸਿਦਕੀ ਸਿੱਖ ਵੀ ਬੈਠੇ ਸਨ, ਜਿਹੜੇ ਗੁਰੂ ਦੇ ਹੁਕਮ ਤੋਂ ਆਪਣਾ ਆਪ ਕੁਰਬਾਨ ਕਰ ਸਕਦੇ ਸਨ, ਜਿਹਨਾਂ ਨੇ ਇਹ ਪੜ੍ਹਿਆ ਹੋਇਆ ਸੀ, (ਪਹਿਲਾਂ ਮਰਣ ਕਬੂਲ, ਜੀਵਣ ਕੀ ਛਡਿ ਆਸ) ਉਹਨਾਂ ਗੁਰ ਸਿੱਖਾਂ ਵਿਚੋਂ ਇਕ ਸਿੱਖ ਉੱਠਿਆ, ਭਾਈ ਦਇਆ ਰਾਮ, ਜੋ ਲਾਹੌਰ ਸ਼ਹਿਰ ਦਾ ਰਹਿਣ ਵਾਲਾ ਸੀ, ਉਹ ਹੱਥ ਜੋੜ ਕੇ ਅੱਗੇ ਆਇਆ ਅਤੇ ਬੇਨਤੀ ਕੀਤੀ ਪਾਤਸ਼ਾਹ ਜੀ ਦਾਸ ਦਾ ਸੀਸ ਹਾਜ਼ਰ ਹੈ। ਸਤਿਗੁਰ ਜੀ ਨੇ ਸਿੱਖ ਦਾ ਬਚਨ ਸੁਣ ਕੇ, ਉਸ ਨੂੰ ਫਿਰ ਕਿਹਾ ਕਿ ਸਿੱਖਾ ਫਿਰ ਸੋਚ ਲੈ, ਜੇ ਜਾਨ ਬਚਾਓਬਣੀ ਹੈ ਤਾਂ ਹਾਲੇ ਵੀ ਵੇਲਾ ਹੈ, ਤੂੰ ਜਾ ਸਕਦਾ ਹੈ ਅਤੇ ਜੇਕਰ ਦਿਲੋਂ ਮਨੋਂ ਤਿਆਰ ਹੈਂ, ਤਾਂ ਠੀਕ ਹੈ, ਸਿੱਖ ਨੇ ਕਿਹਾ ਸਚੇ ਪਾਤਸ਼ਾਹ ਜੀ, ਮੈਂ ਆਪ ਦਾ ਹਾਂ, ਤੇ ਇਹ ਸਿਰ ਵੀ ਆਪ ਜੀ ਨੇ ਹੀ ਬਖਸ਼ਿਆ ਹੈ, ਆਪ ਜੀ ਦੀ ਜਿਵੇਂ ਮਰਜ਼ੀ ਹੈ, ਉਵੇਂ ਹੀ ਇਹ ਵਰਤ ਲਵੋ। ਇਹ ਗੱਲ ਸੁਣ ਕੇ ਸਿੱਖ ਦੀ, ਸਤਿਗੁਰ ਜੀ ਸਿੱਖ ਦੀ ਬਾਂਹ ਫੜ ਕੇ, ਸਟੇਜ ਦੇ ਪਿੱਛੇ ਤੰਬੂ ਲਗਾ ਹੋਇਆ ਸੀ, ਉਸਨੂੰ ਤੰਬੂ ਅੰਦਰ ਲੈ ਗਏ ਤੇ ਸਤਿਗੁਰ ਜੀ, ਫਿਰ ਤਲਵਾਰ ਫੜੀ ਬਾਹਰ ਸਟੇਜ ਤੇ ਆ ਗਏ, ਲਲਕਾਰ ਕੇ ਬੋਲੇ, ਐ ਗੁਰੂ ਕੇ ਸਿੱਖੋ ਇਕ ਸਿੱਖ ਦੇ ਸਿਰ ਦੀ ਹੋਰ ਲੋੜ ਹੈ। ਸੰਗਤ ਵਿਚੋਂ ਕਈ ਡਰਪੋਕ ਡਰਦੇ ਮਾਰੇ ਹੌਲੇ ਹੌਲੇ ਖਿਸਕਣੇ ਸ਼ੁਰੂ ਹੋ ਗਏ ਅਤੇ ਇਹ ਸਾਰਾ ਕੁਝ ਦੇਖ ਕੇ ਜਿਸ ਸਿੱਖ ਨੇ ਫਿਰ ਵੀ ਹੌਂਸਲ ਕੀਤਾ, ਸੀਸ ਦੇਣ ਦਾ, ਉਸ ਦਾ ਬਹੁਤ ਵੱਡਾ ਹੌਂਸਲਾ ਸੀ, ਉਸ ਦਾ ਨਾਮ ਭਾਈ ਧਰਮ ਚੰਦ ਸੀ ਤੇ ਉਹ ਜਾਟ ਸੀ, ਜੋ ਕਿ ਮੇਰਠ ਦੇ ਕੋਲ ਹਸਤਨਾਪੁਰ ਦਾ ਰਹਿਣ ਵਾਲਾ ਸੀ, (ਹਸਤਨਾਪੁਰ ਦੁਆਪੁਰ ਯੁਗ ਵਿਚ ਕੌਰਵਾਂ ਦੀ ਰਾਜਧਾਨੀ ਸੀ) ਸੋ ਧਰਮ ਚੰਦ ਜੀ ਨੇ ਹੱਥ ਜੋੜ ਕੇ ਆ ਬੇਨਤੀ ਕੀਤੀ, ਸਤਿਗੁਰ ਜੀ ਦਾਸ ਦਾ ਸੀਸ ਹਾਜ਼ਰ ਹੈ ਅਤੇ ਸਤਿਗੁਰ ਜੀ ਨੇ ਉਸ ਤੋਂ ਵੀ ਪੁੱਛਿਆ ਕਿ ਮਨ ਤੋਂ ਕਹਿ ਰਿਹਾ ਹੈ ਤਾਂ ਸਿੱਖ ਨੇ ਕਿਹਾ ਸਤਿਗੁਰ ਜੀ ਮੈਂ ਆਪ ਦਾ ਹਾਂ। ਤਾਂ ਸਤਿਗੁਰ ਜੀ ਨੇ ਉਸਨੂੰ ਵੀ ਤੰਬੂ ਵਿਚ ਲੈ ਗਏ। ਕੁਝ ਦੇਰ ਬਾਅਦ ਫਿਰ ਤਲਵਾਰ ਲੈ ਕੇ ਗੁਰੂ ਜੀ ਸਟੇਜ ਤੇ ਆ ਗਏ ਤੇ ਸੰਗਤ ਵਿਚੋਂ ਇਕ ਸਿੱਖ ਦੇ ਸਿਰ ਦੀ ਹੋਰ ਮੰਗ ਕੀਤੀ। ਕੁਝ ਸਿੱਖ ਤਾਂ ਸੰਗਤ ਵਿਚੋਂ ਖਿਸਕ ਗਏ, ਪਰ ਜਿਹੜੇ ਸਿਦਕੀ ਸਿੱਖ ਸਨ, ਉਹ ਬੈਠੇ ਰਹੇ ਤੇ ਦੇਖਦੇ ਰਹੇ ਕਿ ਅੱਗੋਂ ਕੀ ਹੁੰਦਾ ਹੈ ਤੇ ਉਹਨਾਂ ਸਿਦਕੀ ਸਿੱਖਾਂ ਵਿਚੋਂ ਇਕ ਹੋਰ ਸਿੱਖ ਉੱਠਿਆ, ਭਾਈ ਹਿੰਮਤ ਰਾਏ, ਜੋ ਕਿ ਜਗਨ ਨਾਥ ਪੁਰੀ ਦਾ ਰਹਿਣ ਵਾਲਾ ਸੀ, ਉਸ ਨੇ ਅੱਗੇ ਆ ਕੇ ਬੇਨਤੀ ਕੀਤੀ, ਸਤਿਗੁਰ ਜੀ ਦਾਸ ਹਾਜ਼ਰ ਹੈ।

ਸਤਿਗੁਰ ਜੀ ਨੇ ਉਸ ਨੂੰ ਵੀ ਤੰਬੂ ਵਿਚ ਲੈ ਗਏ ਅਤੇ ਚੌਥੀ ਵਾਰ ਫਿਰ ਸਤਿਗੁਰੂ ਜੀ ਤਲਵਾਰ ਲੈ ਕੇ ਸਟੇਜ ਤੇ ਆ ਗਏ ਤੇ ਇਕ ਸਿੱਖ ਦੇ ਸਿਰ ਦੀ ਹੋਰ ਮੰਗ ਕੀਤੀ, ਤਾਂ ਚੌਥਾ ਸਿਦਕੀ ਸਿੱਖ ਮੋਹਕਮ ਚੰਦ ਜੋ ਕਿ ਗੁਜਰਾਤ ਪ੍ਰਾਂਤ ਦੁਆਰਕਾ ਦਾ ਰਹਿਣ ਵਾਲਾ ਸੀ, ਉਸ ਨੇ ਆਪਣਾ ਸੀਸ ਭੇਂਟ ਕੀਤਾ, ਤੇ ਸਤਿਗੁਰ ਜੀ ਨੇ ਇਕ ਸਿੱਖ ਦੇ ਸਿਰ ਦੀ ਮੰਗ ਹੋਰ ਕੀਤੀ, ਹੁਣ ਤਾਂ ਬਹੁਤ ਸਾਰੇ ਡਰਾਕਲ ਲੋਕ ਸੰਗਤ ਵਿਚੋਂ ਉੱਠ ਕੇ ਜਾ ਚੁੱਕੇ ਸਨ ਤੇ ਕਈ ਸਿੱਖ ਮਾਤਾ ਗੁਜਰੀ ਜੀ ਕੋਲ ਪਹੁੰਚ ਗਏ ਤੇ ਮਾਤਾ ਜੀ ਨੂੰ ਸ਼ਿਕਾਇਤ ਕੀਤੀ ਕਿ ਮਾਤਾ ਜੀ ਗੁਰੂ ਜੀ ਨੂੰ ਪਤਾ ਨਹੀਂ ਕੀ ਹੋ ਗਿਆ ਹੈ ਆਪਣੇ ਸਿੱਖਾਂ ਦੇ ਹੀ ਸਿਰ ਵੱਢੀ ਜਾਂਦੇ ਹਨ। ਪਰ ਮਾਤਾ ਜੀ ਸੁਣ ਕੇ ਅਡੋਲ ਰਹੇ, ਪਰ ਬੋਲੇ ਕੁਝ ਨਹੀਂ, ਸੋ ਸੰਗਤ ਵਿਚ ਹਾਲੇ ਵੀ ਬਹੁਤ ਸਾਰੇ ਸਿਦਕੀ ਸਿੱਖ ਬੈਠੇ ਸਨ ਜਿਹਨਾਂ ਨੇ ਇਹ ਪੜ੍ਹਿਆ ਹੋਇਆ ਸੀ ਕਿ (ਸਤਿਗੁਰ ਆਗੈ ਸੀਸੁ ਭੇਟ ਦੇਉ ਜੋ ਸਤਿਗੁਰ ਸਾਚੇ ਭਾਵੈ, ਪੰਨਾ 1113) ਅਤੇ ਉਹ ਸਿਦਕੀ ਸਿੱਖ ਬੈਠੇ ਰਹੇ ਤੇ ਆਪਣੀ ਵਾਰੀ ਦੀ ਉਡੀਕ ਕਰਦੇ ਰਹੇ ਤੇ ਉਹਨਾਂ ਵਿਚੋਂ ਇਕ ਸਿੱਖ ਹੋਰ ਉੱਠਿਆ ਜਿਸ ਦਾ ਨਾਮ ਸਾਹਿਬ ਰਾਏ ਸੀ ਜੋ ਕਿ ਬਿਦਰ (ਕਰਨਾਟਕ ਪ੍ਰਾਂਤ) ਦਾ ਰਹਿਣ ਵਾਲਾ ਸੀ ਉਸ ਨੇ ਆ ਕੇ ਬੇਨਤੀ ਕੀਤੀ, ਸਤਿਗੁਰ ਜੀ ਦਾਸ ਦਾ ਸੀਸ ਹਾਜ਼ਰ ਹੈ। ਸਤਿਗੁਰ ਜੀ ਉਸ ਨੇ ਵੀ ਤੰਬੂ ਵਿਚ ਲੈ ਗਏ। ਸਤਿਗੁਰ ਜੀ ਮੁੜ ਕੇ ਬਾਹਰ ਸਟੇਜ ਤੇ ਨਹੀਂ ਆਏ। ਜਦੋਂ ਸਤਿਗੁਰ ਜੀ ਕਾਫੀ ਦੇਰ ਬਾਹਰ ਨਹੀਂ ਆਏ ਤਾਂ ਜਿਹੜੇ ਡਰਪੋਕ ਲੋਕ ਸਨ, ਉਹਨਾਂ ਨੂੰ ਕੁਛ ਹੌਂਸਲਾ ਹੋਇਆ, ਤੇ ਉਹ ਵਾਪਸ ਆ ਗਏ ਪਰ ਜਿਹੜੇ ਸਿਦਕੀ ਸਿੱਖ ਸਨ, ਉਹਨਾਂ ਨੂੰ ਇਹ ਅਫਸੋਸ ਹੋਇਆ ਕਿ ਸਾਡੀ ਵਾਰੀ ਨਹੀਂ ਆਈ। ਗੁਰੂ ਲੇਖੇ ਲੱਗਣ ਦੀ, ਪਰ ਬੈਠੇ ਰਹੇ ਕਿ ਸ਼ਾਇਦ ਸਾਡੀ ਵੀ ਵਾਰੀ ਆ ਜਾਏ। ਗੁਰੂ ਜੀ ਨੇ ਸਿਰ ਮੰਗਣੇ ਛੱਡ ਦਿੱਤੇ ਸਨ ਅਤੇ ਸਤਿਗੁਰ ਜੀ ਨੇ ਜਿਹੜੇ ਸਿੱਖਾਂ ਨੇ ਸੀਸ ਭੇਟਾ ਕੀਤੇ ਸਨ ਉਹਨਾਂ ਨੂੰ ਮਿਰਤਕ ਕਉ ਜਿਵਾਲਣ ਹਾਰ ਸਤਿਗੁਰ ਨੇ ਉਹਨਾਂ ਨੂੰ ਨਵਾਂ ਜੀਵਨ ਦੇ ਕੇ ਜ਼ਿੰਦਾ ਕਰਕੇ, ਆਪਣੇ ਵਰਗੇ ਵਸਤਰ ਪੁਆ ਕੇ, ਆਪਣੇ ਵਰਗਾ ਬਣਾ ਕੇ ਫਿਰ ਬਾਹਰ ਸਟੇਜ ਤੇ ਲਿਆ ਕੇ ਖੜਾ ਕਰ ਦਿੱਤਾ, ਤਾਂ ਸਾਰੀ ਸੰਗਤ ਜੋ ਉਸ ਵਕਤ ਉਥੇ ਬੈਠੀ ਸੀ, ਸਾਰੇ ਵੇਖ ਕੇ ਹੈਰਾਨ ਰਹਿ ਗਏ। ਸਤਿਗੁਰ ਜੀ ਤੋਂ ਮਾਫੀਆਂ ਮੰਗਣ ਲੱਗ ਕਿ ਹੇ ਸੱਚੇ ਪਾਤਸ਼ਾਹ ਸਾਨੂੰ ਨਹੀਂ ਸੀ ਪਤਾ ਕਿ ਆਪ ਜੀ ਸਾਡੀ ਪ੍ਰੀਖਿਆ ਲੈ ਰਹੇ ਹੋ, ਸੋ ਅਸੀਂ ਭੁੱਲ ਗਏ। ਸਾਥੋਂ ਗਲਤੀ ਹੋ ਗਈ, ਆਪ ਜੀ ਕਿਰਪਾ ਕਰੋ ਤੇ ਸਾਡੇ ਸੀਸ ਹੁਣ ਲੈ ਲਵੋ, ਪਰ ਸਾਨੂੰ ਆਪਣਾ ਬਣਾ ਲਵੋ, ਤਾਂ ਸਤਿਗੁਰ ਜੀ ਨੇ ਸੰਗਤ ਨੂੰ ਕਿਹਾ ਗੁਰੂ ਕੇ ਸਿੱਖੋ ਮੈਂ ਤੁਹਾਨੂੰ ਮਾਰਨ ਨਹੀਂ ਆਇਆ ਬਲਕਿ ਮੈਂ ਤਾਂ ਤੁਹਾਨੂੰ ਅਣਖ ਨਾਲ ਜੀਵਣ ਦੀ ਜਾਚ ਦੱਸਣ ਆਇਆ ਹਾਂ। ਕਿਉਂਕਿ ਅੱਜ ਦੇ ਭਾਰਤੀਆਂ ਦੇ ਹਾਲਤ ਐਸੇ ਹਨ, ਉਹੀ ਅਣਖ ਨਾਲ ਜੀਅ ਸਕੇਗਾ। ਜਿਸ ਨੂੰ ਮੌਤ ਦਾ ਡਰ ਨਾ ਹੋਵੇ, ਕਿਉਂਕਿ ਜੋ ਡਰਿਆ ਸੋ ਮਰਿਆ, ਜੋ ਨਾ ਡਰਿਆ ਸੋ ਤਰਿਆ। ਕਿਉਂਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਵੀ ਇਹ ਵਾਕ ਕਹੇ ਹਨ (ਭੈ ਕਾਹੂ ਕਉ ਦੇਤਿ ਨਹ, ਨਹ ਭੈ ਮਾਨਤ ਆਨ) ਨਾ ਕਿਸੇ ਨੂੰ ਡਰਾਉਣਾ ਹੈ ਅਤੇ ਨਾ ਹੀ ਕਿਸੇ ਤੋਂ ਡਰਨਾ ਹੈ, ਸੋ ਇਸ ਤਰ੍ਹਾਂ ਸਤਿਗਰ ਜੀ ਨੇ ਹਿੰਦੁਸਤਾਨੀਆਂ ਦਾ ਮੌਤ ਦਾ ਡਰ ਦੂਰ ਕੀਤਾ। ਸੰਗਤ ਦੇ ਰੂਬਰੂ ਹੋ ਕੇ ਅਤੇ ਸੰਗਤ ਤੇ ਸਿੱਖਾਂ ਦਾ ਡਰ ਦੂਰ ਕਰ ਕੇ, ਫਿਰ ਪੰਜੇ ਸਿੱਖਾਂ ਨੂੰ ਲੈ ਕੇ ਤੇ ਫਿਰ ਤੰਬੂ ਵਿਚ ਚਲੇ ਗਏ ਤੇ ਤੰਬੂ ਵਿਚ ਜਾ ਕੇ ਸਤਿਗੁਰ ਨੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਅਤੇ ਅੰਮ੍ਰਿਤ ਤਿਆਰ ਕਰ ਕੇ ਸਤਿਗੁਰ ਜੀ ਨੇ ਪਹਿਲੇ ਪੰਜੇ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਤੇ ਹੁਕਮ ਕੀਤਾ ਕਿ

ਅੱਜ ਤੋਂ ਤੁਸੀਂ ਖਾਲਸਾ ਬਣ ਗਏ ਹੋ, ਖਾਲਸੇ ਦਾ ਅਰਥ ਹੈ ਸ਼ੁੱਧ ਜਿਸ ਵਿਚ ਕੋਈ ਮਿਲਾਵਟ ਨਹੀਂ ਹੁੰਦੀ, ਜੋ ਸ਼ੁੱਧ ਹੋਵੇ, ਉਹੀ ਸੰਤ ਹੁੰਦਾ ਹੈ ਅਤੇ ਜੋ ਸੰਤ ਹੁੰਦਾ ਹੈ, ਉਹੀ ਗੁਰੂ ਹੁੰਦਾ ਹੈ ਅਤੇ ਜੋ ਗੁਰੂ ਹੁੰਦਾ ਹੈ ਉਹੀ ਪਰਮਾਤਮਾ ਹੁੰਦਾ ਹੈ, ਅਰਥਾਤ ਖਾਲਸਾ ਤੇ ਗੁਰੂ ਤੇ ਪਰਮਾਤਮਾ ਵਿਚ ਕੋਈ ਭੇਦ ਯਾ ਫਰਕ ਨਹੀਂ ਸੀ ਰਹਿ ਗਿਆ, ਤੇ ਕਲਗੀਧਰ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿਚ ਹੁਕਮ ਵੀ ਕੀਤਾ ਹੈ ਕਿ (ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ) ਸੋ ਜਦੋਂ ਪੰਜੇ ਸਿੱਖ ਖਾਲਸਾ ਬਣ ਕੇ ਤਿਅਰ ਬਰ ਤਿਆਰ ਹੋ ਗਏ, ਤਾਂ ਫਿਰ ਸਤਿਗੁਰ ਗੁਰੂ ਗੋਬਿੰਦ ਸਿੰਘ ਪੰਜਾਂ ਦੇ ਅੱਗੇ ਹੱਥ ਜੋੜ ਕੇ ਖੜ੍ਹੇ ਹੋ ਗਏ, ਤੇ ਬੜੇ ਹੀ ਨਿਮਰਤਾ ਭਰੇ ਲਫਜ਼ਾਂ ਨਾਲ ਪੰਜਾਂ ਨੂੰ ਬੇਨਤੀ ਕੀਤੀ ਕਿ ਐ ਖਾਲਸਾ ਜੀ, ਮੇਰੀ ਹੱਥ ਜੋੜ ਕੇ ਤੁਹਾਡੇ ਚਰਨਾਂ ਵਿਚ ਬੇਨਤੀ ਹੈ ਕਿ ਹੁਣ ਤੁਸੀਂ ਅੰਮ੍ਰਿਤ ਬਾਟਾ ਤਿਆਰ ਕਰਕੇ ਮੈਨੂੰ ਵੀ ਪੂਰਨ ਤੌਰ ਤੇ ਖਾਲਸਾ ਬਣਾ ਦਿਉ ਅੰਮ੍ਰਿਤ ਛਕਾ ਕੇ। ਫਿਰ ਪੰਜ ਪਿਆਰਿਆਂ ਨੇ ਸਤਿਗੁਰ ਜੀ ਦੀ ਬੇਨਤੀ ਮੰਨ ਕੇ ਸਤਿਗੁਰ ਜੀ ਨੂੰ ਅੰਮ੍ਰਿਤ ਛਕਾਇਆ। ਪੰਜਾ ਪਿਆਰਿਆਂ ਦੇ ਨਾਮ ਜੋ ਪਹਿਲੇ ਸਨ, ਉਹ ਬਦਲ ਕੇ, ਸਤਿਗੁਰ ਜੀ ਨੇ, ਦਇਆ ਰਾਮ ਦਾ ਨਾਮ ਦਇਆ ਸਿੰਘ ਰੱਖ ਦਿੱਤਾ, ਤੇ ਧਰਮ ਚੰਦ, ਧਰਮ ਸਿੰਘ ਹੋ ਗਿਆ। ਹਿੰਮਤ ਰਾਏ, ਹਿੰਮਤ ਸਿੰਘ ਹੋ ਗਏ, ਮੁਹਕਮ ਚੰਦ, ਮੁਹਕਮ ਸਿੰਘ ਹੋ ਗਏ ਤੇ ਸਾਹਿਬ ਰਾਏ, ਸਾਹਿਬ ਸਿੰਘ ਹੋ ਗਏ ਅਤੇ ਇਸੇ ਤਰ੍ਹਾਂ ਪੰਜ ਪਿਆਰਿਆਂ ਨੇ ਵੀ ਸਤਿਗੁਰ ਜੀ ਨੂੰ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣਾ ਦਿੱਤਾ ਤੇ ਸਤਿਗੁਰ ਜੀ ਪੰਜਾਂ ਨੂੰ ਅੰਮ੍ਰਿਤ ਛਕਾ ਕੇ ਅਤੇ ਉਹਨਾਂ ਤੋਂ ਆਪ ਵੀ ਛੱਕ ਕੇ, ਨਵੇਂ ਰੂਪ ਵਿਚ ਤੇ ਨਵੇਂ ਜਹੋ ਜਲਾਲ ਵਿਚ ਤੰਬੂ ਤੋਂ ਬਾਹਰ ਸੰਗਤ ਦੇ ਸਾਹਮਣੇ ਆਏ ਤਾਂ ਸਾਰੀ ਸੰਗਤ ਤੇ ਸਾਰੇ ਲੋਕ ਵੇਖ ਕੇ ਹੱਕੇ ਬੱਕੇ ਤੇ ਹੈਰਾਨ ਰਹਿ ਗਏ ਕਿ ਇਹ ਕੀ ਕੌਤਕ ਵਰਤਿਆ ਹੈ ਤਾਂ ਸਤਿਗੁਰ ਜੀ ਨੇ ਸਾਰੀ ਸੰਗਤ ਨੂੰ ਫਿਰ ਸੰਬੋਧਨ ਕੀਤਾ ਅਤੇ ਕਿਹਾ ਸਾਧ ਸੰਗਤ ਜੀ, ਜੋ ਹਿੰਦੁਸਤਾਨੀਆਂ ਦੀ ਹਾਲਤ ਚੁੱਕੀ ਸੀ, ਬਾਹਰਲੇ ਲੋਕ ਸਾਡੇ ਦੇਸ਼ ਤੇ ਹਮਲੇ ਕਰ ਕੇ, ਸਾਨੂੰ ਮਾਰ ਕੁੱਟ ਕੇ, ਸਾਡੀਆਂ ਬਹੂ ਬੇਟੀਆਂ ਤੇ ਧੰਨ ਸਭ ਲੁੱਟ ਕੇ ਲੈ ਜਾਂਦੇ ਸਨ ਅਤੇ ਅਸੀਂ ਗਿੱਦੜਾਂ ਵਾਂਗ ਜਾਂ ਤਾਂ ਡਰਦੇ ਮਾਰੇ ਲੁੱਕ ਛਿਪ ਜਾਂਦੇ ਸੀ ਤੇ ਜਾਂ ਮਾਰ ਖਾ ਕੇ ਚੁੱਪ ਕਰ ਜਾਂਦੇ ਸੀ। ਇਸ ਲਈ ਮੈਂ ਹਿੰਦੁਸਤਾਨੀਆਂ ਨੂੰ ਸਿੰਘ (ਸ਼ੇਰ) ਬਨਾਉਣ ਆਇਆ ਹਾਂ ਤੇ ਬਣਾ ਦਿੱਤਾ ਹੈ ਕਿਉਂਕਿ ਸ਼ੇਰ ਕਿਸੇ ਤੋਂ ਡਰਦਾ ਨਹੀਂ ਤੇ ਸਤਿਗੁਰ ਜੀ ਨੇ ਕਿਹਾ ਕਿ ਜਿਵੇਂ ਗੁਰੂ ਨਾਨਕ ਨੇ ਇਹ ਗੱਲ ਕਹੀ ਸੀ ਕਿ (ਜੇ ਸਕਤਾ ਸਕਤੇ ਕਉ ਮਾਰੇ ਤਾਂ ਮਨ ਰੋਸ ਨ ਹੋਈ) ਜੇ ਤਕੜਾ ਤਕੜੇ ਨੂੰ ਮਾਰੇ, ਫਿਰ ਤਾਂ ਕੋਈ ਗੱਲ ਨਹੀਂ, ਪਰ ਏਥੇ ਤਾਂ ਉਲਟ ਹੋ ਰਿਹਾ ਸੀ। ਤਕੜਾ ਮਾੜੇ ਨੂੰ ਮਾਰੀ ਜਾ ਰਿਹਾ ਹੈ, ਸੋ ਖਾਲਸਾ ਜੀ ਅਸੀਂ ਹੁਣ ਤਕੜਿਆਂ ਨਾਲ ਮਾੜਿਆਂ ਨੂੰ ਲੜਾਨੈ। ਸਤਿਗੁਰ ਨੇ ਕਿਹਾ (ਗਿਦੜੋ ਕੋ ਮੈਂ ਸ਼ੇਰ ਬਣਾਊ। ਚਿੜੀਉਂ ਸੇ ਮੈਂ ਬਾਜ ਤੁੜਾਉ। ਸਵਾ ਲਾਖ ਸੇ ਏਕ ਲੜਾਊ। ਤਬੈ ਗੋਬਿੰਦ ਸਿੰਘ ਨਾਮ ਕਹਾਊਂ) ਇਸ ਤਰ੍ਹਾਂ ਸਤਿਗੁਰ ਜੀ ਨੇ ਹਿੰਦੁਸਤਾਨੀਆਂ ਦਾ ਮੌਤ ਦਾ ਡਰ ਦੂਰ ਕਰ ਕੇ ਤਿਆਰ ਬਰ ਤਿਆਰ ਖਾਲਸਾ ਬਣਾ ਦਿੱਤਾ। (ਚਲਦਾ)

Simran Niwas, H. No. 425 Street No. 1, New Vasant Vihar, Kakowal Road Ludhiana (Punjab) 141 008

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# भारतीय सागीतिक परम्पराओं के परिपेक्ष में गुरमति संगीत की गायन शैलियों का विश्लेषणात्मक अध्ययन।

## सामंत कौर

भारतीय संस्कृति जिसके अनेक रूप देखने को मिलते है। जिनका भारतीय जीवन पर सर्वोत्कृष्ट प्रभाव भी है।

भारतीय संस्कृति के वृक्ष को जितना हरियावल, आकर्षक, मनमोहक और समृद्धशाली इस कला ने बनाया उतना अन्य कलाएं सोच भी नहीं सकती। अनेक संस्कृतियों के पलवन में संगीत का एक महत्त्वपूर्ण पक्ष रहा है तथा संस्कृति के समन्वय उत्थान पतन के उभार हेतु भी अवनति, उन्नति को अग्रसर कर एक संस्कृतिक धरातल को प्रशस्त कर अनेकानेक सांस्कृतिक को अपने तक ही नहीं बल्कि उन सभी लोगों के मन मस्तिष्क पर भी अपना प्रभाव रोपण किया जो स्वयं को श्रेष्ट तथा उत्तम प्रवृति का मालिक समझते थे।

देखने सुनने तथा विचारने में 'संगीत' शब्द छोटा तथा साधारण प्रतीत होता है। परन्तु प्रभाव की दृष्टि से जन–2 के मनोरंजन की दृष्टि से धार्मिक, राजनीतिक, दृष्टिकोण से मानव जीवन के आधार मूल्यों को संचारित कर भारत को अन्तरात्मा के दिव्य दर्शन सात समुद्र पार करने का श्रेय भी भारतीय संगीत को जाता है।

भारतीय संगीत जिसको परिभाषित करने में विद्वानों के बहुमत है।

1. संगीत–रत्नाकर के रचियता पं0 शारंगदेव के अनुसार
 ''गीत वाद्य तथा नृत्य त्रय संगीतमुच्यते''
 अर्थात्
 गीत वाद्य तथा नृत्य इन तीनों के समावेश को संगीत कहते हैं।[1]
2. संगीत परिजात के ग्रन्थकार पं0 अहोबल के अनुसार
 गीत वादित्र नृत्याना त्रय संगीतमुच्यते।
 गानस्या त्र प्रधानत्वातच्छगीतम्रितिरितम।।[2]
 गीत को प्रधान माना है वाद्य को गीत का अनुकर्ता तथा नृत्य को गीत तथा वाद्य दोनों का अनुकर्ता बताया है।

सबाई मान सिंह प्रताप के अनुसार संगीत सार में लिखाः– संगीत गायन वादन एवं नृत्य के माध्यम से वाछित भाव उत्पन्न करने वाली रचना है वास्तव में संगीत कला स्वर, ताल और लय के संतुलित मिश्रण सुरीली रचना है जो प्राणी मात्र के चित को बण भर में आनंदित कर देती है।[3]

डॉ0 शरत्चन्द्र श्रीधर पराजयें ने संगीत की परिभाषा देते हुए पं0 शारंगदेव के मत का ही समर्थन किया है उनके अनुसार संगीत एक अन्विति है जिसमें गीत वाद्य तथा नृत्य तीन का समावेश

है। संगीत शब्द में व्यक्तिगत तथा समूहगत गीत, वादन एवं नर्तन के साथ समूहवान, समूहवादन, समूह नृर्तन का समावेश इसके अन्तर्गत होता है।[4]

## पाश्चात्य विद्वानों के अनुसार संगीत की परिभाषा

1. Art of combining sounds with a view to beauty of form and experssion of emotion.[5]
2. Art and Science of harmonious sounds rhythmic order, pleasant sounds.[6]
3. An English name for a bond of musical performance.[7]
4. India is one of those countries which lays claims to a very highly antiquity and very early proficiency in the art and science.[8]
5. Music is the eternal substructor of every thing that stands between man and his maker.[9]
6. Music by the very nature of the art tends to be insular. It is not an international language but it is a language which can be learnt and understood language and can these be window opener of unsuspected sounds and concepts of experssion.[10]

## भारतीय संगीत की उत्पत्ति तथा विकास

1. स्वामी प्रज्ञानन्द के अनुसार संगीत की उत्पत्ति ईसा से 2000 पूर्व मानी गई।[11]
2. कोडियाल सामस के अनुसार भारतीय संगीत विश्व संगीत में पहले से ही अग्रणीय था।[12]
3. एक विद्वान के अनुसार संगीत की उत्पत्ति दविड़ जाति तथा सिंधु घाटी की सभ्यता तथा संस्कृति की देन है।[13]

## संगीत काल विभाजन

1. अति प्राचीन काल (2000 ईसा पूर्व से 1000 ईसा पूर्व)
2. प्राचीन काल (1000 ईसा पूर्व से 800 ई0 तक)
3. मध्य काल(800 ई0 से 1800 ई0)
4. आधुनिक काल (1900 ई0 में वर्तमान काल)[14]

## विभिन्न धर्मो में संगीत

जिन धर्मो में भारतीय संगीत की स्वरलहरियां गुजरती है वह इस प्रकार है– हिन्दु धर्म, बौद्ध धर्म, जैन धर्म, ईस्लाम धर्म, सिख धर्म।

## विभिन्न सम्प्रदायों में संगीत

निंबारक सम्प्रदाय बारकरी सम्प्रदाय, वल्लभ सम्प्रदाय, हवेली संगीत की कीर्तन परम्परा, चेतैन्य सम्प्रदाय, रामानन्द सम्प्रदाय, राधा वल्लभी सम्प्रदाय, सखी सम्प्रदाय।

भारतीय संगीत जिसका सर्वाधिक प्रभाव धार्मिक क्षेत्र में चाहे वह हिन्दु, ईस्लाम, ईसाई या

अन्य कोई धर्म हो मान्यताओं से अधिक देखने को मिलता है। परन्तु दैनिक कार्यों में भारतीय संगीत का जितना उपयोग बाबा नानक द्वारा परिवर्तित सिख धर्म की अविस्थापित मर्यादा में भारतीय संगीत के सन्निधय में प्लवित जिसे ''गुरमति संगीत या गुरबाणी संगीत'' कहा जाता है।

वेदों में प्रचलित पाँच भक्तियाँ जो केवल इतिहासिक पृष्ठों पर गीत के लिए शान्तवना का सूचक है का यदि चचोरिक रूप में दर्शन करना हो, तो सिख धर्म में प्रचलित सिख धर्म में पाँच चौकियों के नाम से आज भी दैनिक जीवन तथा दैनिक कार्यों एवं भक्त्यात्मक संगीत का अभिन्न अंग है। हुंकार या हिंकार प्रस्ताव, उदगीय, प्रतिहार, निधन।

हो सकता है कि कलान्तर में प्रबन्ध, ध्रुवपद के गान में हिंकार का विकास नोमतोम में हुआ प्रस्ताव का विकास स्थाई में, उदगीय का अंतरा में तथा प्रतिहार का संचारी में और निधन का आयोग में प्रयोग किया जाता है।

इसी प्रकार जन से भारतीय संगीत में गुरमति संगीत का प्रादुभवि हुआ है। तब से ध्रुवा गान, प्रबन्धगान, जाति गान, राग रागिनी पद्धति तथा ख्याल पद्धति में समय–समय पर भारतीय संगीत को समृद्धशाली बनाया, इसी दौरान मध्यकाल के उत्तरार्थ में सिख धर्म का प्रादुर्भाव हुआ। तब से राग रागिनी का प्रचलन, ध्रुपद, धमार, जैसी कलिष्ट गायकी का मुख्य तौर पर प्रचलन देखने को मिलता था। तत्पश्चात् ख्याल गायकी, शास्त्रीय संगीत 47 भारतीय संगीत में अन्य गायन शैलियों को लेकर अपने आप को प्रतिष्ठित बनानें में सक्षम हो सकी। क्योंकि सिख धर्म अभी–2 अस्तीत्व में आया धर्म या इस धर्म की मर्यादा के मूल में ''गावै को ताणु हौवै किसै ताणु'' गावै की दाति जाणै निसाणु (गु.ग्रं.सा.1) तथा ''होर केते गावणि से मै चिति आवणि नानक किआ विचारै''(गु. ग्रं.सा. 6)

सिख धर्म को तथा ''वई नदी''[15] में स्नान के दौरान चार दिन गुरु जी का लोप होना, लोगों द्वारा भाँति–2 की बातें बनाने के बावजूद भी चौथे दिन गुरु जी का लोप होना, लोगों द्वारा भाँति–2 की बातें बनाने के बावजूद भी चौथे दिन गुरु नानक देव प्रकट हुए तो समाधि स्थिति में उनके मुँह से एक बात उच्चारण हो रही थी ''सो दर केहा ''सौ घरु केहा जितु वहि सरब सम्भाले''(गु.ग्रं.सा.6)

कहने का अभिप्राय यह है कि इस शब्द की 24, 25 पंक्तियों में से कोई भी पंक्ति ऐसी नहीं जिसमें गुरु साहिब ने परब्रह्मा की उस्तति में गायन कर रहे देवी, देवता, ऋषि–मुनि अपसरा, महाबली, योद्धा, भूत–प्रेत, पिसाच, सुरगा द्वारा गायन कर रहे विधि की मुक्त कंठ से सराहना की, परन्तु साथ ही कहा ''होर केते गावणि से मैं चित न आवणि नानक किया विचारै''(गु.ग्रं.सा. 6) शायद मेरा ख्याल यह है कि सिख धर्म की मर्यादा के मूल में ही भारतीय संगीत जिसने थोड़ा बदलाव करके गुरमति संगीत का नाम दिया गया।

समस्त धर्मों के आचार्यों का वर्णन यदि प्रस्तुति किया जाए तो कहीं पर भी ऐसा दृष्टिकोण प्राप्त नहीं होता कि संगीत के प्रचार प्रसार हेतु अपने साथ संगीत साधकों का संरक्षण किया हो।

जैन धर्म, बौद्ध धर्म अन्य सम्प्रदायों में वैष्णव सम्प्रदाय को छोड़ कर भारतीय संगीत का प्रयोग उस दृष्टिकोण से नहीं किया गया जिस दृष्टिकोण से किया जाना चाहिए। वल्लभ सम्प्रदाय में भगवान को सोने तथा जगाने में गर्म तथा ठंडे रागों का प्रयोग होता है। विशेष प्रकार की गायन शैलियाँ जो ध्रुवपद, धमार पर आधारित है का पृचलन किया जाता है, परन्तु सिख धर्म की चौकियों की मर्यादा अनुसार संगीत का प्रचलन कहीं होता हो तो ऐसा इस पक्ष में इतिहासिक पृष्ठ कहने से झिझकते हैं।

धर्म ऐसा स्थल है जिसे हरि नाम से सजोया जाता है। भक्ति के लेपन द्वारा सुंदरत्व बनाया

जाता है तथा हरि यश या कीर्तन के माध्यम से उनके वातावरण को सुगंधित किया जाता है। अब इन तीनों बातों में से एक बात भवन वाला मंदिर का निर्माण करवाने की सभी धर्मो ने इसका पालन किया।

परन्तु भगत्यात्मक संगीत के माध्यम से हरि नाम के रस अभिव्यक्ति द्वार मानव मात्र को भाव विभोर करने का उसका प्रभु, ईश, खुदा या भगवान गुरुद्वारे में निरन्तर प्रवाहित करने का सिख धर्म के अनुयाईयों को जाता है। जब वह प्रातः काल भ्रम मुहेत में निद्रा से वंचित हो सावधान अवस्था में आता है तभी उसके मुख गुरु अमरदास की पंक्तियाँ ''एहि साचा सोहिला साचै घर गावहु''(गु.ग्रं.सा. 920) तथा ''आवहु सिख सतिगुरु के पियारिहो गावहु सच्ची वाणी''(गु.ग्रं.सा. 920) स्नान करने के पश्चात ''गावै को ताणु (गु.ग्रं.सा.1) करता हुआ ''तरसु पईया मिराहमति होई''(गु.ग्रं. सा. 1429) तथा कीर्तन नाम सिमरत रहो जब लग घटि सास''(गु.ग्रं.सा. 818) की वंदना के माध्यम से दैनिक चर्चा प्रारम्भ ''तम संसार चरण लगि तरिओ'' के संदर्भ को उजागर करता हुआ कीर्तन सोहिला के माध्यम से गुरू की गोद से जैसे बालक मां की गोद में लोरियां मिलने से निद्रा का सवादन करता है ऐसे ही वेद गुरू का सिख ''मोकउ करि संतन की धूरे'' से अपनी दिनचर्या की इति को अग्रसर करता है। सिख धर्म के जीवन में कभी कोई पल ऐसा नही जब वह संगीत के अभाव में जीता हो इस प्रकार बावा नानक ने मरदाने को साथ लेकर संगीत के माध्यम से धर्म का प्रचार किया। सिख धर्म में उस समस्त विशेषताओं को जोकि प्रतिष्ठित देवालयों धर्म स्थलों लौकिक, अलौकिक संगीत के नाम से समाज में पल्लवित भी थी को गुरमति संगीत में सम्मिलित करने से पहले बाबा नानक, मरदाना दोनों ने उदासियों के दौरान अपने कानों से सुनकर आंखो से देखकर मन मस्तिष्क पर उतीर्ण कर आत्मसात करके गुरमति संगीत में उनका पूर्ण स्थापन किया।

जैसे कि बाबा जी जब जगन्नाथ पुरी गए तो आरती को सुनकर आरती लिखी, पंडित की प्रत्येक प्रकिया को निहार कर सही मायने में भक्ति करने का सही मार्ग, विधि विधान अपनी वाणी लिखकर गाने वाले पंडितों के लिए सुरक्षित रखा ऐसे ही गुरू जी बनारस गए, इलाहाबाद गए, मक्का गए, बगदाद जाकर तो उन्होने उंचा उंचा गाना शुरू कर दिया। मरदाना ने उतनी ही उंची खाब बजानी शुरू कर दी, जिसे गांव के लोग सुनकर स्तभ रह गए। गांव के दस्तागीर ने पूछा तुम कौन हो और ईस्लाम धर्म की इस पावन पवित्र नगरी में अल्ला ताला के वजूद में कूफर का काम क्यों कर रहे हो ? इसी तरह जंहा गए वंहा मर्यादाओं को दैनिक कार्यो की तथा संगीत के माध्यम से चलाए जा रहे कार्यो को भी देखा, किसी को कुछ नहीं कहा, परंतु उनके द्वारा हो रही अनगहलियों को अपने द्वारा प्रशस्त धर्म में न आने दिया जाने का ख्याल पहले से ही रखा।

जब किसी धर्म के स्थान की कोई मर्यादा दिन चर्चा संगीत के माध्यम से चलाए जा रहे कार्यक्रम से गुरू जी को पसंद न होती तो मरदाना को कहते है। ''मरदानिया रबाब बजा काई सिफत करीए यार दे दीदार दी'' या ''मरदानिया रबाब बजा बाणी आई ए'' ।[16]

इस प्रकार अपने द्वारा '' जैसी मै आवै खसम की बाणी''(गु.ग्रं.सा. 623) करते समय यदि गुरू जी की वाणी का अध्ययन किया जाए तो आप को तथ्य देखने को मिलेगा कि गुरू की समस्त बाणी में राग कल्याण का उपयोग नहीं है, क्योंकि भारतीय संगीत में राग कल्याण श्रृंगारिक भावनाओं को उतेजित करने वाला राग माना जाता है।

गुरू जी पहले ही कह चुके थे ''मन जीते जगजीत''(गु.ग्रं.सा. 6) इसलिए मन की अवस्थाओं को खंडित करने वाली अगर कोई वस्तु उनका मार्ग प्रशस्त करती है तो गुरू जी उसे अपने सत्य मार्ग जिसे ''गुरूमुखि गाड़ी रास्ता'' से दूर रखना ही उचित समझते थे। इसलिए

कल्याण राग का प्रयोग गुरू जी ने अपनी वाणी में नहीं किया।

उदासियों के 34 वर्षो के दौरान जिस धर्म सम्प्रदाय, मत, पंथ एंव धर्म अचायों पीरों—फकीरों, ऋषि मुनियों सें जो सत्य पर चलने का उपदेश और उदेश्य प्राप्त हुआ, उसी को थोड़ा बहुत बदलाव के साथ सिख धर्म की मर्यादाओं का कारणर बनाया, ये सारी प्रक्रिया एक दो दिन की नहीं बल्कि भाई मरदाना की 47 साल तक गुरू जी के साथ संगीतकार के रूप में रहना भी दर्शाता है कि भारतीय संगीत के होंते हुए भी गुरमति संगीत के प्रचलन की आवश्यकता क्यों पड़ी उसका कारण है कि भारतीय संगीत स्वर प्रधान है तथा गुरमति संगीत शब्द प्रदान।

सप्त स्वरों का संयम से आचरण का ध्यान रखते हुए कीर्तन की मर्यादाओं का पालन करते हुए ''हरि यंश करना सर्वोतम दर्शाया गया है। ''ऐसा कीर्तन कर मन मेरे'' इस प्रकार गुरू नानक के सफल प्रयासों तथा भाई मरदाना के सफल संगीतकार, संगतकार होने के कारण भारतीय संगीत आधारित गुरू मुख से जो गायन शैली का उदभव हुआ वही गुरमति संगीत कहलाया।

भाई मरदाना के संगीत में संगीत पारंगता का गुरू साहिब ने पूरा पूरा लाभ उठाते हुए अनेक रागों गायन विधाओं, विशेष लोक धुनों का समावेश शीर्षक के तौर पर गुरू ग्रंथ साहिब की बाणी पर अंकित किया जो आज भी अपनी विलक्षणता के कारण गुरमति संगीत का अटूट अंग बनी हुई है।

गुरू ग्रंथ साहिब में कुल 36 महापुरूषों की बाणी है। 6 गुरू साहिबान, 15 भगत, 11 भटट 4 गुरूसिख।

गुरू ग्रंथ साहिब में बाणी ब्यौरा

जप, सदिरू, सोपुरख, सोहिला, वणजारा, करहलें, सुखमनी, चउबोले, बिरहड़े, अलाहणीआ, आरती, कुचजी, सुचजी, गुंणवती, घोड़िआ, पटी पहरे, छंत अनंदु साहिब, ओंकार, सिद गोसटि, अजुंलीआ, मुंदावणी, रामकली सद, डखणा, अंजुली, सलोक सहसस्कृति, सलोक, फुनहे, गाथा, रागमाला गुरू ग्रंथ साहिब की समस्त बाणी 31 रागों तथा राग प्रकार पर आधारित है।

(1) सिरी(14), (2) माझ(94), (3) गउड़ी(151), (4) आसा(347), (5) गुजरी(489), (6) दवोगंधारी(527),

(7) बिहागड़ा(537), (8) बडहंस(559), (9) सोरठ(959), (10) धनासरी(660), (11) चैतसरी(696),

(12) टोडी(711), (13) वैराड़ी(719), (14) तिलंग(721), (15) सुही(728), (16) बिलाबल(795), (17) गौंड(859), (18) रामकली(876), (19) नट नारायणी(975), (20) मालीगौड़ा(984), (21) मारु(989), (22) तुखारी(1107), (23) केदारा(1116), (24) भैरव(1124), (25) बसंत(1168), (26) सारंग(1197), (27) मल्लहार(1254),

(28) कान्हड़ा(1294), (29) कल्याण(1319), (30) प्रभाती(1327), (31) जैजावंती(1352) ये हैं मुख्य राग प्रकार।

उपरोक्त लिखित 31 मुख्य राग विवरण के पश्चात 31 राग प्रकारों के नाम तथा पृ0 सं0 निम्नलिखित हैः—

(1) राग गउड़ी गुआरेरी(164), (2) गउड़ी दखणी(152), (3) गउड़ी चेती(156), (4) गउड़ी वैरागुण(156), (5) गउड़ी दीपकी(12), (6) गउड़ी पूर्वी दीपकी(157), (7) गउड़ी पूर्वी(204), (8) गउड़ी माझ(218), (9) गउड़ी माला(214), (10) गउड़ी मालवा(214), (11) गउड़ी सोरठि(330), (12) आसा काफी(396),

(13) आसावरी सुधंग(369), (14) आसावरी(364), (15) देवगधांरी(531), (16) वडहंस दक्षिणी(580),

(17) तिलंग काफी(726), (18) सुही काफी(761), (19) सुही ललित(793), (20) बिलाबल दक्षिणी(843),

(21) बिलावल गौंड$_{(874)}$, (22) बिलाबल मंगल$_{(744)}$, (23) रामकली दखणी$_{(929-930)}$, (24) नट$_{(980)}$, (25) मारू काफी$_{(1014-15)}$, (26) मारू दखणी$_{(1033)}$, (27) बसंत हिंडोल$_{(1171)}$, (28) कल्याण भोपाली$_{(1321)}$, (29) प्रभाती बिमास$_{(1337)}$, (30) विमास प्रभाति$_{(1349)}$, (31) प्रभाति दखणी$_{(1343-1344)}$

गुरु ग्रंथ साहिब के इन 31 रागों को क्रमानुसार याद करने के लिए एक काव्य रूप पंक्तियां बनाई गई जो भगत राम दित्त जी की पुस्तक 'गुरबाणी प्रबोध ग्रन्थ' में देखने को मिलेगी जो इस प्रकार है:–

सिरी रागु, माझ, गउड़ी, आसा संग भई बऊरी,
गुजरी, गंधारी ते विहागड़ा सुहाईयो है ।।
बडहंस, सोरठि, धनासरी ते जैतसरी,
टोडी ते बैराड़ी औ तिलंग, सुही छाईओ है ।।
बिलाबल ते गौंड, रामकली, नट, माली गउड़ा,
बसंत, सारंग, मलार, कानड़ा, कलियाण,
प्रभाती ते विभास, जैजावंती गुण गाईओ है ।


1. पं0 विष्णु नारायण मातखड़े, कृत्रि पुस्तक मलिका माम = 2 पृ0 1
2. 40 अहोबल, संगीत परिजात, पृ0 22 लोक – 20
3. वीणा मानकरण, संगीत सारं पृ0 1
4. भारतीय संगीत का इतिहास डॉ0 शरतचन्द्र पराजये, पृ0 3 – 4
5. The compect of for Dictionary p. 555
6. Bhargva's English, Hindi Dictonary P. 533

8. V.K. Aggarwal, Acritical Study of foregin authors of India Music P-1
9. Cloud Barden, more live than one, P-1
10. C.R. Day, The music and musical instrument of southern Indian and the Deccan. P-5.
11. Swami Pragyanandh, The History of Indian music- P-87
12. Swami Pragyanandh, The History of Indian music- P-88
13. The Rise and the fall of Indian music, Kordiyal Shomas, P-2
14. प्रभूलाल गर्ग, बसंत, संगीत विशारद पृ0 13
15. प्रि0 सतबीर सिंह बलियो चिराग, पृ0 59
16. भाई बीर सिंह, गुरू नानक चमत्कार पूरणारद प्र0 – 306


**H.No. 173-174,Shiv Dayalpuri, Behind ITI, Near Saini Chakki, Yamuna Nagar (Haryana).**


## IF YOU WANT TO DONATE

for Amrit Kirtan Magazine & Kirtan CD Sewa, you can send by Money Orders, Demand Drafts, Cheque to Amrit Kirtan Trust, # 422, Sector 15-A, Chandigarh or deposit online direct in Amrit Kirtan Trust Account No. 65079603302, State Bank of Patiala, IFS Code STBP 0000240, Sector 22-B, Chandigarh. For more information contact : Dr. Jagir Singh, Mobile : 09814053630

# ਸੁਰ ਲਿਪੀ

ਡਾ. ਜਾਗੀਰ ਸਿੰਘ

## ਰਾਗ ਕਲਿਆਣ

ਵਾਦੀ-ਸੰਵਾਦੀ : ਗੰਧਾਰ-ਨਿਸ਼ਾਦ, ਥਾਟ : ਕਲਿਆਣ, ਸਮਾਂ : ਰਾਤ ਦਾ ਪਹਿਲਾ ਪਹਿਰ, ਜਾਤੀ : ਸੰਪੂਰਨ

ਆਰੋਹ : ਨ਼ੀ ਰੇ ਗ, ਮ॑ ਪ, ਮ॑ ਧ, ਨੀ ਸਂ।

ਅਵਰੋਹ : ਸਂ ਨੀ ਧ ਪ, ਮ॑ ਗ, ਰੇ ਨ਼ੀ ਰੇ, ਸ।

ਮੁੱਖ ਅੰਗ : ਨ਼ੀ ਰੇ ਗ, ਗ ਰੇ ਗ ਮ॑ ਪ ਰੇ, ਨ਼ੀ ਰੇ ਸ।

<u>ਕਲਿਆਣ</u> — <u>ਝਪ ਤਾਲ</u>

| × | | 2 | | | 0 | | 3 | | |
|---|---|---|---|---|---|---|---|---|---|
| **ਸਥਾਈ:** | | | | | | | | | |
| ਗਰੇ | ਰੇਸ | ਸਨ਼ੀ | ਨ਼ੀ | ਰੇ | ਗ | -ਰੇ | ਗ | - | - |
| ਜੋS | ਸਿਰੁ | ਸਾS | ਈ | S | ਨਾ | Sਨਿ | ਵੈ | S | S |
| ਮ॑ | ਮ॑ਮ॑ | ਪ | ਪ | ਪ | ਪਮ॑ | ਗ | ਰੇ | ਗ | - |
| ਸੋ | ਸਿਰੁ | ਕ | ਪਿ | ਉ | ਤਾS | S | ਰਿ | S | S |
| **ਅੰਤਰਾ:** | | | | | | | | | |
| ਮ॑ | ਗਗ | ਮ॑ | ਧ | ਧ | ਨੀ | ਨੀ | ਸਂ | - | - |
| ੳ | ਠੁਫ | ਰੀ | ਦਾ | S | ੳ | ਜੂ | ਸਾ | S | ਜਿ |
| ਸਂਨੀ | ਨੀਧ | ਧਪ | ਪ | ਪ | ਪਮ॑ | ਗਰੇ | ਰੇਗ | ਮ॑ | ਗ |
| ਸੁS | ਬਹ,ਨਿ | ਵਾS | ਜ | ਗੁ | ਜਾS | SS | ਰਿS | S | S |
| **ਅੰਤਰਾ:** | | | | | | | | | |
| ਮ॑ | ਗਗ | ਮ॑ | ਧ | ਧ | ਨੀ | -ਨੀ | ਸਂ | - | - |
| ਜੋ | ਸਿਰਿ | ਸਾ | ਈ | S | ਨਾ | Sਨਿ | ਵੈ | S | S |
| ਸਂਨੀ | ਨੀਧ | ਧਪ | ਪ | ਪ | ਪਮ॑ | ਗਰੇ | ਰੇਗ | ਮ॑ | ਗ |
| ਸੋS | ਸਿਰੁ | ਕੀS | ਜੈS | ਕਾS | SS | ਇS | SS | | |
| ਮ॑ | ਗ | ਮ॑ | ਧ | ਧ | ਨੀ | ਨੀ | ਸਂ | - | - |
| ਕੁੰ | ਨੇ | ਹੇ | ਠਿ | ਜ | ਲਾ | ਈ | ਐ | - | - |
| ਸਂਨ਼ੀ | ਨੀਧ | ਧਪ | ਪ | ਪ | ਪਮ॑ | ਗਰੇ | ਰੇਗ | ਮ॑ | ਗ |
| ਬਾS | ਲਣ | ਸੰS | ਦੈ | S | ਥਾS | SS | ਇS | S | S |

ਪੁਸਤਕ : ਫ਼ਰੀਦ ਬਾਣੀ : ਸੰਗੀਤਕ ਪਰਿਪੇਖ ਵਿਚੋਂ

## ਅੰਗ ੮੯

Page 89

### ਸਲੋਕ ਮਃ ੨ ॥

Shalok, Second Mehl:

### ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ ॥

Chop off that head which does not bow to the Lord.

### ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ ॥੧॥

O Nanak, that human body, in which there is no pain of separation from the Lord-take that body and burn it. ||1||

## ਅੰਗ ੧੩੮੧

Page 1381

### ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥

That head which does not bow to the Lord - what is to be done with that head?

### ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥੭੨॥

Put it in the fireplace, instead of firewood. ||72||


## POSITIVE THINKING

- “you can, you should, and if you’re brave enough to start, you will.”
- “You are essentially who you create yourself to be and all that occurs in your life is the result of your own making.”
- “No matter whether you believe in luck or chance, the final decision is from yourself.”
- “Exhaust your worries and they will soon leave you.”

***With best Compliments from a Well Wisher***

# ਰਾਗ ਬਸੰਤ

ਜਦਿ ਗੁਰੂ ਨਾਨਕੁ ਜੀ ਪੰਜੀਸ ਛਬੀਸ ਬਰਸ ਕਾ ਭੈਆ ਤਬ ਏਕ ਦਿਨਿ ਪੰਜਾਬ ਕੀ ਧਰਤੀ ਨਗਰਿ ਤਲਵੰਡੀ ਰਾਇ ਭੋਇ ਦੀ ਗੁਰੂ ਬਾਬਾ ਨਾਨਕ ਜੀ ਅੰਦਰਿ ਘਰਿ ਕੈ ਬਿਖੈ ਪੜਿਆ ਹੀ ਰਹਤਾ। ਜਬ ਕਈ ਮਾਸ ਦਿਨ ਪੜਿਆ ਹੀ ਰਹਿਆ ਤਬ ਬਸੰਤ ਚੜਿਆ। ਤਬ ਜਿਤਨੇ ਲੋਕ ਤਲਵੰਡੀ ਕੇ ਥੇ ਏਤਨਿਆਂ ਲੋਕ ਮਿਲਿਨਿ ਆਏ ਜਿ – ਨਾਨਕ ਜੀ ! ਤੈ ਬਹੁਤੁ ਦਿਨ ਮਾਹ ਬੈਠੇ ਹੋਏ ਹੈਨਿ ਅੰਦਰੇ, ਪਰੁ ਹੁਣਿ ਚੇਤ੍ਰ ਚੜਿਆ ਹੈ। ਲੋਕ ਸਭਿ ਬਸੰਤੁ ਚੜਿਐ ਖੁਸੀ ਹੋਤੇ ਹੈਂ, ਬਾਹਰਿ ਚਲੀਐ, ਏਕ ਬਾਰ ਚੇਤ ਕੀ ਬਹਾਰ ਲੀਜੀਐ। ਤਬ ਗੁਰੂਬਾਬੈ ਨਾਨਕ ਜੀ ਬਸੰਤ ਰਾਗ ਮਹਿ ਬਾਣੀ ਬੋਲੀ ਜਿः

ਮਾਹਾ ਮਾਹਾ ਮੁਮਾਰਖੀ ਚੜਿਆ ਸਦਾ ਬਸੰਤ॥

(ਬਸੰਤ ਮਹਲਾ 1, ਪੰਨਾ 1168)

ਮਿਹਰਬਾਨ ਵਾਲੀ ਜਨਮ ਸਾਖੀ

Postal Regd. No. G/CHD/0045/2012-14 RNI Regd. No. 46788/89 ISSN 0972-2335

# ਕਰਿ ਕਿਰਪਾ ਮੇਲਹੁ ਰਾਮ

ੴ

ਕਰਿ ਕਿਰਪਾ ਮੇਲਹੁ ਰਾਮ

**Kar Kirpa Melo Ram**

ਗੁਰਬਾਣੀ ਕੀਰਤਨ

ਡਾ. ਜਾਗੀਰ ਸਿੰਘ, ਚੰਡੀਗੜ੍ਹ

-ਮੇਰੇ ਪ੍ਰੀਤਮਾ - ਕਰਿ ਕਿਰਪਾ ਮੇਲਹੁ ਰਾਮ- ਮਿਤਰ ਪਿਆਰੇ ਨੂੰ

**Mere Pritma - Kar Kirpa Melo Ram - Mittar Piare Noon**

**DR. JAGIR SINGH**

# 422, Sector 15-A, Chandigarh

Ph : 0172-2772660, 098140 53630

e-mail : drjagirsingh@gmail.com

www.amritkirtan.com

ਇਸ ਸੀ. ਡੀ. ਨੂੰ ਮੁਫਤ ਪ੍ਰਾਪਤ ਕਰਨ ਲਈ ਆਪਣਾ ਨਾਮ ਅਤੇ ਐੱਡਰੈਸ

ਮੋਬਾਇਲ ਨੰ: 09814053630

ਉੱਤੇ ਐਸ. ਐੱਮ. ਐਸ. ਕਰੋ ਜੀ

## ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015

ਮੋਬਾਇਲ : 09814053630

**E-mail : drjagirsingh@gmail.com Website : www.amritkirtan.com**